ਪੰਜਾਬੀਆਂ ਦੇ ਹੱਕ ਦੀ ਆਵਾਜ਼

# ਰੋਜ਼ਾਨਾ ਸਵੇਰਾ

Monthly

ਸੋਮਵਾਰ, 11 ਜੁਲਾਈ 2022 ਅੰਕ-4 ਨਾਨਕਸ਼ਾਹੀ ਸੰਮਤ : 554 (ਪੰਨੇ : 8) ਮੁੱਲ: ₹5.00 RNI.T-Code.PUNPUN04267

www.epaper.rozanasavera.com ਮੁੱਖ ਸੰਪਾਦਕ- ਰਮਨਪ੍ਰੀਤ ਸਿੰਘ www.rozanasavera.com



AMAN ADVERTISEMENT AGENCY

GROWING YOUR BUSINESS WITH SOCIAL MEDIA

+91 98036 37036

## ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਲਈ ਮਿਲੇਗੀ ਜ਼ਮੀਨ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਐਲਾਨ ਕੀਤਾ ਕਿ ਹਰਿਆਣਾ ਨੂੰ ਨਵੀਂ ਵਿਧਾਨ ਸਭਾ ਲਈ ਇਮਾਰਤ ਬਣਾਉਣ ਵਾਸਤੇ ਚੰਡੀਗੜ੍ਹ ਵਿੱਚ ਜ਼ਮੀਨ ਦਿੱਤੀ ਜਾਵੇਗੀ। ਉਹ ਜੈਪੁਰ ਵਿੱਚ ਸੂਬਿਆਂ ਦੀ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਉੱਧਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸੂਬੇ ਲਈ ਵੱਖਰੀ ਵਿਧਾਨ ਸਭਾ ਤੇ ਵੱਖਰਾ ਹਾਈ ਕੋਰਟ ਬਣਾਉਣ ਵਾਸਤੇ ਚੰਡੀਗੜ੍ਹ ਵਿੱਚ ਜ਼ਮੀਨ ਦੇਣ ਦੀ ਮੰਗ ਕੀਤੀ ਹੈ। ਇਸ ਮੀਟਿੰਗ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਐੱਸਵਾਈਐੱਲ ਨਹਿਰ ਦਾ ਮੁੱਦਾ ਵੀ ਉਠਾਇਆ। ਮੀਟਿੰਗ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ 2026 ਵਿੱਚ ਇਕ ਨਵੀਂ ਹੱਦਬੰਦੀ ਪ੍ਰਸਤਾਵਿਤ ਹੈ




**ਜੈਪੁਰ ਵਿੱਚ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਦੌਰਾਨ ਸੰਬੋਧਨ ਕਰਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ।**

ਅਤੇ ਇਸੇ ਹੱਦਬੰਦੀ ਦੇ ਆਧਾਰ ’ਤੇ 2029 ਵਿੱਚ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਹੋਣਗੀਆਂ। ਅਨੁਮਾਨ ਹੈ ਕਿ ਕਿ ਹਰਿਆਣਾ ਦੀ ਆਬਾਦੀ ਅਨੁਸਾਰ ਨਵੀਂ ਹੱਦਬੰਦੀ ਵਿੱਚ ਵਿਧਾਨ ਸਭਾ ਹਲਕਿਆਂ ਦੀ ਗਿਣਤੀ 126 ਹੋਵੇਗੀ ਅਤੇ ਲੋਕ ਸਭਾ ਹਲਕਿਆਂ ਦੀ ਗਿਣਤੀ 14 ਹੋਵੇਗੀ। ਇਸ ਵੇਲੇ ਹਰਿਆਣਾ ਵਿਧਾਨ ਸਭਾ ਵਿੱਚ 90 ਵਿਧਾਇਕ ਹਨ।

ਸ੍ਰੀ ਖੱਟਰ ਨੇ ਹਰਿਆਣਾ ਵਿਧਾਨ ਸਭਾ ਦੀ ਵਾਧੂ ਇਮਾਰਤ ਲਈ ਚੰਡੀਗੜ੍ਹ ਵਿੱਚ ਜ਼ਮੀਨ ਦੇਣ ਦਾ ਐਲਾਨ ਕਰਨ ’ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕਰਦਿਆਂ ਕਿਹਾ, “ਮੌਜੂਦਾ ਇਮਾਰਤ ਵਿੱਚ ਤਾਂ ਇਨ੍ਹਾਂ 90 ਵਿਧਾਇਕਾਂ ਦੇ ਬੈਠਣ ਲਈ ਵੀ ਪੂਰੀ ਜਗ੍ਹਾ ਨਹੀਂ ਹੈ। ਇਹੀ ਨਹੀਂ, ਬਲਕਿ ਇਸ ਇਮਾਰਤ ਵਿੱਚ ਵਿਸਥਾਰ ਕਰਨਾ ਵੀ ਸੰਭਵ ਨਹੀਂ ਹੈ ਕਿਉਂਕਿ ਇਹ ਇਕ ਵਿਰਾਸਤੀ ਇਮਾਰਤ ਹੈ। ਇਸ ਵਾਸਤੇ, ਇਹ ਬੇਨਤੀ ਕੀਤੀ ਗਈ ਕਿ ਵਿਧਾਨ ਸਭਾ ਲਈ ਇਕ ਨਵੀਂ ਵਾਧੂ ਇਮਾਰਤ ਬਣਾਉਣ ਚੰਡੀਗੜ੍ਹ ਵਿੱਚ ਲੋੜ ਅਨੁਸਾਰ ਜ਼ਮੀਨ ਦਿੱਤੀ ਜਾਵੇ।” ਇਸ ਦੌਰਾਨ ਮੁੱਖ ਮੰਤਰੀ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦਾ ਮੁੱਦਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦਾ ਨਿਰਮਾਣ ਕਾਰਜ ਪੂਰਾ ਕਰਨਾ ਹਰਿਆਣਾ ਅਤੇ ਪੰਜਾਬ ਸੂਬਿਆਂ ਵਿਚਲਾ ਪੁਰਾਣਾ ਤੇ ਗੰਭੀਰ ਮਸਲਾ ਹੈ। ਨਹਿਰ ਨਾ ਬਣਾਏ ਜਾਣ ਕਰ ਕੇ ਰਾਵੀ, ਸਤਲੁਜ ਅਤੇ ਬਿਆਸ ਦਾ ਬਾਕੀ ਬਿਨਾ ਚੈਨਲ ਵਾਲਾ ਪਾਣੀ ਪਾਕਿਸਤਾਨ ਵਿੱਚ ਚਲਾ ਜਾਂਦਾ ਹੈ। ਹਰਿਆਣਾ ਨੂੰ ਭਾਰਤ ਸਰਕਾਰ ਦੇ 24 ਮਾਰਚ, 1976 ਦੇ ਆਦੇਸ਼ ਅਨੁਸਾਰ ਰਾਵੀ, ਬਿਆਸ ਦੇ ਸਰਪਲੱਸ ਪਾਣੀ ਵਿੱਚ ਵੀ 3.50 ਮਿਲੀਅਨ ਏਕੜ ਫੁੱਟ ਹਿੱਸਾ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਐੱਸਵਾਈਐੱਲ ਦੇ ਮਸਲੇ ਨੂੰ ਹੱਲ ਕਰਨ ਲਈ ਸੁਪਰੀਮ ਕੋਰਟ ਦੇ ਆਦੇਸ਼ਾਂ ’ਤੇ 18 ਅਗਸਤ 2020 ਨੂੰ ਦੋਹਾਂ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਕੇਂਦਰੀ ਜਲ ਸ਼ਕਤੀ ਮੰਤਰੀ ਦੀ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਮੁਤਾਬਕ ਪੰਜਾਬ ਅਗਲੀ ਕਾਰਵਾਈ ਨਹੀਂ ਕਰ ਰਿਹਾ ਹੈ। ਸ੍ਰੀ ਖੱਟਰ ਨੇ ਕਿਹਾ ਕਿ ਇਸ ਮੁੱਦੇ ’ਤੇ ਚਰਚਾ ਕਰਨ ਲਈ ਉਨ੍ਹਾਂ ਵੱਲੋਂ 6 ਮਈ 2022 ਨੂੰ ਇਕ ਪੱਤਰ ਲਿਖ ਕੇ ਕੇਂਦਰੀ ਜਲ ਸ਼ਕਤੀ ਮੰਤਰੀ ਨੂੰ ਅਪੀਲ ਕੀਤੀ ਗਈ ਸੀ ਕਿ ਦੋਹਾਂ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਦੂਜੇ ਗੇੜ ਦੀ ਮੀਟਿੰਗ ਜਲਦੀ ਤੋਂ ਜਲਦੀ ਸੱਦੀ ਜਾਵੇ। ਇਸੇ ਦੌਰਾਨ ਚੰਡੀਗੜ੍ਹ ਵਿੱਚ ਇਕ ਪ੍ਰੈੱਸ (ਬਾਕੀ ਸਫ਼ਾ 3 ’ਤੇ)

### ਪੰਜਾਬ ਵੱਲੋਂ ਨਵੇਂ ਟ੍ਰਿਬਿਊਨ ਦੀ ਜ਼ੋਰਦਾਰ ਵਕਾਲਤ

## ਸ੍ਰੀਲੰਕਾ: ਲੋਕਾਂ ਦੇ ਦਬਾਅ ਮਗਰੋਂ ਰਾਸ਼ਟਰਪਤੀ ਰਾਜਪਕਸਾ ਵੱਲੋਂ ਅਸਤੀਫਾ ਦੇਣ ਦਾ ਐਲਾਨ

### ਪ੍ਰਦਰਸ਼ਨਕਾਰੀਆਂ ਵੱਲੋਂ ਰਾਸ਼ਟਰਪਤੀ ਭਵਨ ’ਤੇ ਕਬਜ਼ਾ, ਝੜਪ ’ਚ 50 ਜ਼ਖ਼ਮੀ

**ਕੋਲੰਬੋ,**
**-ਰੋਜ਼ਾਨਾ ਸਵੇਰਾ-**

ਆਰਥਿਕ ਮੰਦੀ ਦਾ ਸਾਹਮਣਾ ਕਰ ਰਹੇ ਸ੍ਰੀਲੰਕਾ ’ਚ ਅੱਜ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੇ ਰਾਸ਼ਟਰਪਤੀ ਭਵਨ ’ਤੇ ਕਬਜ਼ਾ ਕਰ ਲਿਆ। ਵਿਰੋਧੀ ਪਾਰਟੀਆਂ ਅਤੇ ਲੋਕਾਂ ਦੇ ਦਬਾਅ ਮਗਰੋਂ ਰਾਸ਼ਟਰਪਤੀ ਗੋਟਾਬਾਯਾ ਰਾਜਪਕਸਾ ਨੇ ਦੇਰ ਰਾਤ ਐਲਾਨ ਕੀਤਾ ਕਿ ਉਹ 13 ਜੁਲਾਈ ਨੂੰ ਅਸਤੀਫਾ ਦੇ ਦੇਣਗੇ। ਇਸ ਤੋਂ ਪਹਿਲਾਂ ਰਾਸ਼ਟਰਪਤੀ ਗੋਟਾਬਾਯਾ ਰਾਜਪਕਸਾ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਕਰਮੀਆਂ ਵਿਚਕਾਰ ਝੜਪਾਂ ਵੀ ਹੋਈਆਂ ਜਿਸ ’ਚ 45 ਤੋਂ ਜ਼ਿਆਦਾ ਵਿਅਕਤੀ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ’ਚ ਸੱਤ ਪੁਲੀਸ ਕਰਮੀ ਵੀ ਸ਼ਾਮਲ ਹਨ। ਇਸ ਦੌਰਾਨ ਹੁਕਮਰਾਨ ਸਣੇ ਕਈ ? ਵਿਰੋਧੀ ਪਾਰਟੀਆਂ ਦੀ ਮੀਟਿੰਗ ’ਚ ਪ੍ਰਧਾਨ ਮੰਤਰੀ ਰਨਿਲ ਵਿਕਰਮਸਿੰਘੇ ਨੇ ਅਸਤੀਫਾ ਦੇਣ ਅਤੇ ਸਰਬ ਪਾਰਟੀ ਸਰਕਾਰ ਦੇ ਗਠਨ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਸਰਬ ਪਾਰਟੀ ਸਰਕਾਰ ਬਣਨ ਤੱਕ ਅਹੁਦੇ ’ਤੇ ਰਹਿਣਗੇ। ਦੇਰ ਰਾਤ ਲੋਕਾਂ ਨੇ ਵਿਕਰਮਸਿੰਘੇ ਦੀ ਨਿੱਜੀ ਰਿਹਾਇਸ਼ ਨੂੰ ਅੱਗ ਲਗਾ ਦਿੱਤੀ ਤੇ ਕੁਝ ਵਾਹਨ ਸਾੜ ਦਿੱਤੇ। ਮੀਟਿੰਗ ਦੌਰਾਨ ਫੈਸਲਾ ਲਿਆ ਗਿਆ ? ਕਿ ਨਵੇਂ ਰਾਸ਼ਟਰਪਤੀ ਦੀ ਚੋਣ ਤੱਕ ਸਪੀਕਰ ਉਨ੍ਹਾਂ ਦਾ ਅਹੁਦਾ ਸੰਭਾਲਣਗੇ। ?ਰਾਸ਼ਟਰਪਤੀ ਦੀ ਕੋਲੰਬੋ ਦੇ ਉੱਚ ਸੁਰੱਖਿਆ ਵਾਲੇ ਫੋਰਟ ਇਲਾਕੇ ’ਚ ਸਰਕਾਰੀ ਰਿਹਾਇਸ਼ ਦੇ ਬਾਹਰ ਵੱਡੀ ਗਿਣਤੀ ’ਚ ਲੋਕ ਮੌਜੂਦ ਹਨ। ਪ੍ਰਦਰਸ਼ਨਕਾਰੀ ਮਾਰਚ ਮਹੀਨੇ ਤੋਂ ਰਾਜਪਕਸਾ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਹਨ ਅਤੇ ਅਪਰੈਲ ’ਚ (ਬਾਕੀ ਸਫ਼ਾ 3 ’ਤੇ)



**ਪ੍ਰਦਰਸ਼ਨਕਾਰੀਆਂ ਨੇ ਵਿਕਰਮਸਿੰਘੇ ਦੀ ਰਿਹਾਇਸ਼ ਨੂੰ ਅੱਗ ਹਵਾਲੇ ਕੀਤਾ**

## ਡੀਜੀਪੀ ਗੌਰਵ ਯਾਦਵ ਦੀ ਅਗਵਾਈ ਵਿੱਚ ਪੰਜਾਬ ਪੁਲਿਸ ਨੇ ਸੂਬੇ ਭਰ ’ਚ ਕੀਤੇ ਕਾਰਡਨ ਅਤੇ ਸਰਚ ਆਪਰੇਸ਼ਨ



**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਸਮਾਜ ਵਿਰੋਧੀ ਅਨਸਰਾਂ ਵਿੱਚ ਡਰ ਪੈਦਾ ਕਰਨ ਦੇ ਨਾਲ-ਨਾਲ ਆਮ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ, ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਦੀ ਅਗਵਾਈ

### ਉੱਚ ਅਧਿਕਾਰੀਆਂ ਨੇ ਹਰੇਕ ਪੁਲਿਸ ਜ਼ਿਲ੍ਹੇ ’ਚ ਨਿੱਜੀ ਤੌਰ ’ਤੇ ਕੀਤੀ ਨਿਗਰਾਨੀ

ਵਿੱਚ ਅੱਜ ਸਮੁੱਚੀ ਪੁਲਿਸ ਫੋਰਸ ਵੱਲੋਂ ਪੰਜਾਬ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਕਾਰਡਨ ਅਤੇ ਸਰਚ ਆਪਰੇਸ਼ਨ (ਸੀ.ਏ.ਐਸ.ਓ. ) ਚਲਾਏ ਗਏ।

ਇਹ ਆਪਰੇਸ਼ਨ ਸੂਬੇ ਭਰ ਵਿੱਚ ਇੱਕੋ ਸਮੇਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਚਲਾਇਆ ਗਿਆ ਅਤੇ ਪੰਜਾਬ ਪੁਲਿਸ ਹੈੱਡਕੁਆਰਟਰ ਦੇ ਏਡੀਜੀਪੀ/ਆਈਜੀਪੀ ਰੈਂਕ ਦੇ ਅਧਿਕਾਰੀਆਂ ਨੂੰ ਹਰੇਕ ਪੁਲਿਸ ਜ਼ਿਲ੍ਹੇ ਵਿੱਚ ਨਿੱਜੀ ਤੌਰ ’ਤੇ ਆਪਰੇਸ਼ਨ ਦੀ ਨਿਗਰਾਨੀ ਕਰਨ ਲਈ ਤਾਇਨਾਤ ਕੀਤਾ ਗਿਆ ਸੀ। ਸੀ.ਪੀਜ਼/ਐਸ.ਐਸ.ਪੀਜ਼ ਨੇ ਪੁਲਿਸ ਫੋਰਸ ਦੀ ਭਾਰੀ ਤੈਨਾਤੀ ਦੌਰਾਨ ਇਸ ਆਪਰੇਸ਼ਨ ਨੂੰ ਅੰਜਾਮ ਦੇਣ ਲਈ ਬਦਨਾਮ ਮੁਹੱਲਿਆਂ/ਪਿੰਡਾਂ ਦੀ ਸ਼ਨਾਖਤ ਕੀਤੀ ਜਿੱਥੇ ਨਸ਼ਿਆਂ ਦੀ ਭਰਮਾਰ ਹੈ ਜਾਂ ਕੁਝ ਖੇਤਰ ਜੋ ਅਪਰਾਧੀਆਂ ਅਤੇ ਸਮਾਜ ਵਿਰੋਧੀ ਅਨਸਰਾਂ ਲਈ ਪਨਾਹਗਾਹ/ਸੁਰੱਖਿਅਤ ਟਿਕਾਣਾ ਬਣ ਚੁੱਕੇ ਹਨ।

ਡੀਜੀਪੀ ਗੌਰਵ ਯਾਦਵ, ਜੋ ਮੁਹਾਲੀ ਵਿੱਚ ਏਡੀਜੀਪੀ ਕਾਨੂੰਨ ਤੇ ਵਿਵਸਥਾ ਈਸ਼ਵਰ ਸਿੰਘ ਨਾਲ ਵੱਖ-ਵੱਖ ਸੁਸਾਇਟੀਆਂ ਵਿੱਚ ਆਪਰੇਸ਼ਨ ਦੌਰਾਨ ਸ਼ਾਮਲ ਹੋਏ, ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਸ਼ਿਆਂ ਅਤੇ ਗੈਂਗਸਟਰਾਂ ਵਿਰੁੱਧ ਜ਼ੀਰੋ ਸਹਿਣਸ਼ੀਲਤਾ ਨੀਤੀ ਅਪਣਾਈ ਹੈ ਅਤੇ ਅਜਿਹੇ ਆਪਰੇਸ਼ਨ ਉਦੋਂ ਤੱਕ ਜਾਰੀ ਰਹਿਣਗੇ ਜਦੋਂ ਤੱਕ ਪੰਜਾਬ

### ਇਨ੍ਹਾਂ ਆਪਰੇਸ਼ਨਾਂ ਦਾ ਉਦੇਸ਼ ਸਮਾਜ ਵਿਰੋਧੀ ਤੱਤਾਂ ’ਚ ਡਰ ਪੈਦਾ ਕਰਨਾ : ਡੀ.ਜੀ.ਪੀ.

ਵਿੱਚੋਂ ਨਸ਼ਿਆਂ ਅਤੇ ਗੈਂਗਸਟਰਾਂ ਦਾ ਖਾਤਮਾ ਨਹੀਂ ਹੋ ਜਾਂਦਾ। ਇਸ ਮੌਕੇ ਡੀਜੀਪੀ ਨਾਲ ਡੀਆਈਜੀ ਰੋਪੜ ਰੇਂਜ ਗੁਰਪ੍ਰੀਤ ਸਿੰਘ ਭੁੱਲਰ ਅਤੇ ਐਸਐਸਪੀ ਐਸਏਐਸ (ਬਾਕੀ ਸਫ਼ਾ 3 ’ਤੇ)

## ਪੰਜਾਬ ’ਚ ਮੁੜ ਖੇਡ ਸੱਭਿਆਚਾਰ ਪੈਦਾ ਕਰਨਾ ਸੂਬਾ ਸਰਕਾਰ ਦੀ ਤਰਜੀਹ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ‘ਚ ਮੁੜ ਖੇਡ ਸੱਭਿਆਚਾਰ ਪੈਦਾ ਕਰਨਾ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਤਰਜੀਹ ਹੈ। ਪੰਜਾਬ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਖੇਡਾਂ ਦੇ ਖੇਤਰ ‘ਚ ਮੱਲਾਂ ਮਾਰਨ ਵਾਲੇ



ਖਿਡਾਰੀਆਂ ਨੂੰ ਨਕਦ ਇਨਾਮ ਦੇ ਕੇ ਹੌਸਲਾ ਵਧਾਇਆ ਜਾਵੇ। ਸੂਬਾ ਸਰਕਾਰ ਵੱਖ-ਵੱਖ ਖੇਡਾਂ ਨਾਲ ਸਬੰਧਤ ਖਿਡਾਰੀਆਂ ਨੂੰ ਉਪਕਰਣ ਅਤੇ ਖਾਣ-ਪੀਣ/ ਡਾਇਟ ਦੇਣ ਲਈ ਵੀ ਅਸਰਦਾਰ ਨੀਤੀ ਬਣਾਏਗੀ। ਂਜਾਬ ਦੇ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਅੱਜ ਇੱਥੇ ਪੰਜਾਬ ਭਵਨ ਵਿਖੇ ਖੇਲੋ ਇੰਡੀਆ-2022 ਦੇ ਜੇਤੂ ਖਿਡਾਰੀਆਂ ਨਾਲ ਰੂਬਰੂ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ।

ਉਨ੍ਹਾਂ ਖਿਡਾਰੀਆਂ ਨੂੰ ਮਿਹਨਤ ਕਰਕੇ ਪੰਜਾਬ ਨੂੰ ਖੇਡਾਂ ਵਿੱਚ ਨੰਬਰ ਇੱਕ ਬਣਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ‘ਚ ਖੇਡ ਸੱਭਿਆਚਾਰ ਨੂੰ ਮੁੜ ਪ੍ਰਫੁੱਲਿਤ ਕਰਨ ਲਈ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦਾ ਖੇਡਾਂ ਨਾਲ ਬਹੁਤ ਪੁਰਾਣਾ ਨਾਤਾ ਹੈ ਅਤੇ ਪੰਜਾਬੀ ਮਿਹਨਤ ਕਰਕੇ ਅੱਗੇ ਵਧਣਾ ਜਾਣਦੇ ਹਨ। ਉਨ੍ਹਾਂ ਖਿਡਾਰੀਆਂ ਨੂੰ ਖੇਡਾਂ ਦੇ ਨਾਲ-ਨਾਲ ਚੰਗੇ ਨਾਗਰਿਕ ਬਣਨ ਦਾ ਸੱਦਾ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਖਿਡਾਰੀਆਂ ਨੂੰ ਨਕਦ ਇਨਾਮ, ਖਾਣ-ਪੀਣ/ ਡਾਇਟ ਦੇਣ ਸੰਬੰਧੀ ਨੀਤੀ ਬਣਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਾਲ ਹੀ ‘ਚ ਪੇਸ਼ ਕੀਤੇ ਪੰਜਾਬ ਬਜਟ ‘ਚ ਖੇਡਾਂ ਦਾ ਸਲਾਨਾ ਬਜਟ ਵਧਾ ਕੇ 223 ਕਰੋੜ ਕੀਤਾ ਗਿਆ ਹੈ, ਜੋ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਵਰਤਿਆ ਜਾਵੇਗਾ।

## ਟੋਕੀਓ ਲਿਆਂਦੀ ਆਬੇ ਦੀ ਦੇਹ, ਜਾਪਾਨ ਸੋਗ ’ਚ ਡੁੱਬਿਆ



**ਟੋਕੀਓ,**
**-ਰੋਜ਼ਾਨਾ ਸਵੇਰਾ-**

ਜਾਪਾਨ ਦੇ ਸਾਬਕਾ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਦੀ ਦੇਹ ਅੱਜ ਟੋਕੀਓ ਲਿਆਂਦੀ ਗਈ। ਆਬੇ ਦੀ ਸ਼ੁੱਕਰਵਾਰ ਨੂੰ ਪੱਛਮੀ ਜਾਪਾਨ ਦੇ ਨਾਰਾ ਸ਼ਹਿਰ ’ਚ ਚੋਣ ਪ੍ਰਚਾਰ ਦੌਰਾਨ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਨ੍ਹਾਂ ਨੂੰ ਹੈਲੀਕਾਪਟਰ ਰਾਹੀਂ ਸਥਾਨਕ ਹਸਪਤਾਲ ਲਿਜਾਇਆ ਗਿਆ ਸੀ ਪਰ ਖ਼ੂਨ ਜ਼ਿਆਦਾ ਵਗਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ ਸੀ। ਪੁਲੀਸ ਨੇ ਮੌਕੇ ’ਤੇ ਹੀ ਕਾਤਲ ਜਲ ਸੈਨਾ ਦੇ ਸਾਬਕਾ ਮੈਂਬਰ ਤੇਤਸੂਯਾ ਯਾਮਾਗਾਮੀ ਨੂੰ ਫੜ ਲਿਆ ਸੀ। ਪੁਲੀਸ ਮੁਤਾਬਕ ਹਮਲਾਵਰ ਨੇ ਜਾਂਚਕਾਰਾਂ ਕੋਲ ਕਬੂਲ ਕੀਤਾ ਹੈ ਕਿ ਉਸ ਨੇ ਆਬੇ ਨੂੰ ਮਾਰਨ ਦੀ ਸਾਜ਼ਿਸ਼ ਘੜੀ ਸੀ ਕਿਉਂਕਿ ਉਸ ਨੂੰ ਜਾਪਦਾ ਸੀ ਕਿ ਸਾਬਕਾ ਪ੍ਰਧਾਨ ਮੰਤਰੀ ਕਿਸੇ ਇਕ ਖਾਸ ਧਾਰਮਿਕ ਜਥੇਬੰਦੀ ਨਾਲ ਜੁੜੇ ਹੋਏ ਹਨ। ਜਾਪਾਨੀ ਮੀਡੀਆ ਮੁਤਾਬਕ ਉਸ ਨੂੰ ਧਾਰਮਿਕ ਜਥੇਬੰਦੀ ਨਾਲ ਨਫ਼ਰਤ ਸੀ ਜਿਸ ਨਾਲ ਉਸ ਦੀ ਮਾਂ ਵੀ ਜੁੜੀ ਹੋਈ ਸੀ। ਰਿਪੋਰਟਾਂ ’ਚ ਇਸ ਧਾਰਮਿਕ ਜਥੇਬੰਦੀ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ। ਆਬੇ ਦੀ ਦੇਹ ਲੈ ਕੇ ਕਾਲੇ ਰੰਗ ਦਾ ਵਾਹਨ ਟੋਕੀਓ ਦੇ ਆਲੀਸ਼ਾਨ ਰਿਹਾਇਸ਼ੀ ਇਲਾਕੇ ਸ਼ਿਬੂਆ ਸਥਿਤ ਉਨ੍ਹਾਂ ਦੇ ਘਰ ਪਹੁੰਚਿਆ। ਵਾਹਨ ’ਚ ਆਬੇ ਦੀ ਪਤਨੀ ਵੀ ਸਵਾਰ ਸੀ

ਡਾ: ਸੁਸ਼ਾਂਤ ਗਰਗ

ਐਮ.ਡੀ ਮੈਡੀਸਨ

ਰਜਿਸਟਰਾਰ ਫੋਰਟਿਸ ਹਸਪਤਾਲ (ਸਾਬਕਾ)

ਰਜਿਸਟਰਾਰ ਈ.ਐਸ.ਆਈ ਮਾਡਲ ਹਸਪਤਾਲ ਲੁਧਿਆਣਾ (ਸਾਬਕਾ)

ਮੈਡੀਕਲ ਅਫ਼ਸਰ ਸਿਵਲ ਹਸਪਤਾਲ ਰਾਮਪੁਰਾਫੂਲ (ਸਾਬਕਾ)



ਆਧੁਨਿਕ ਸਹੂਲਤਾਂ ਵਾਲਾ ਹਸਪਤਾਲ

NAVIN GARG MEMORIAL HOSPITAL NGM HEALTHCARE THAT CARES

ਨਵੀਨ ਗਰਗ ਮੈਮੋਰੀਅਲ ਹਸਪਤਾਲ

ਬਾਈਪਾਸ ਰੋਡ, ਨੇੜੇ ਜੋੜੇ ਪੁਲ, ਸਾਹਮਣੇ ਡਾ.ਗੌਰਵ ਡਾਇਗਨੌਸਟਿਕ ਸੈਂਟਰ, ਰਾਮਪੁਰਾਫੂਲ-151103

ਇਲਾਜ:-
- ਦਿਲ ਦੀਆਂ ਬਿਮਾਰੀਆਂ
- ਬੁਖ਼ਾਰ, ਮਲੇਰੀਆ, ਟਾਈਫਾਈਡ, ਡੈਂਗੂ (ਸੈੱਲ ਘਟਣਾ)
- ਸ਼ੂਗਰ, ਬਲੱਡ ਪ੍ਰੈਸ਼ਰ, ਕੋਲੈਸਟ੍ਰੋਲ
- ਛਾਤੀ, ਦਮੇ ਦੇ ਰੋਗ
- ਗੁਰਦਿਆਂ ਦੀਆਂ ਬਿਮਾਰੀਆਂ
- ਪੇਟ ਦੀਆਂ ਬਿਮਾਰੀਆਂ
- ਟੀ.ਬੀ, ਨਿਮੋਨੀਆ
- ਅਧਰੰਗ ਦਾ ਅਟੈਕ
- ਮਿਰਗੀ ਦਾ ਦੌਰਾ, ਦਿਮਾਗੀ ਬੁਖ਼ਾਰ
- ਪੀਲੀਆ, ਲੀਵਰ ਦੀਆਂ ਬਿਮਾਰੀਆਂ

ਸਹੂਲਤਾਂ:-
- ਸੀ ਪੈਪ ਵੈਂਟੀਲੇਟਰ
- ਇਨਫਿਊਜ਼ਨ ਪੰਪ
- ਲੈਬ ਟੈਸਟ
- ਫਾਰਮੇਸੀ
- ਈ.ਸੀ.ਜੀ
- ਨੈਬੂਲਾਈਜ਼ਰ
- ਕਾਰਡੀਐਕ ਮੋਨੀਟਰ
- ਆਕਸੀਜਨ
- ਏ.ਸੀ ਵਾਰਡ
- ਸਪੈਸ਼ਲ ਰੂਮ

24 HOUR EMERGENCY SERVICE

OPD Timing:-
9:00 AM to 2:00 PM & 5:00 PM to 7:00 PM

ngmemorialhospital@gmail.com

For prior appointment call 01651-291272

## ਸੰਪਾਦਕੀ

# ਮਿੱਥਾਂ ਅਤੇ ਸਿਹਤ ਸਿੱਖਿਆ ਬਾਰੇ ਜਾਗਰੂਕਤਾ

ਚੰਗੀ ਸਿਹਤ ਨਾ ਸਿਰਫ਼ ਕਿਸੇ ਵਿਅਕਤੀ ਦੀ ਤਰੱਕੀ ਲਈ ਜ਼ਰੂਰੀ ਹੈ, ਸਗੋਂ ਸਮੁੱਚੇ ਸਮਾਜ ਲਈ ਵੀ ਉਨੀ ਹੀ ਜ਼ਰੂਰੀ ਹੈ। ਪੁਰਾਣੇ ਸਮਿਆਂ ਤੋਂ ਹੀ ਮਨੁੱਖ ਜਾਤੀ ਨੇ ਪ੍ਰਭਾਵਸ਼ਾਲੀ ਸਿਹਤ ਸੰਭਾਲ ਲਈ ਵੱਖ-ਵੱਖ ਤਰੀਕਿਆਂ ਵੱਲ ਧਿਆਨ ਦਿੱਤਾ ਹੈ ਅਤੇ ਵੱਖ-ਵੱਖ ਤਕਨੀਕਾਂ ਵਿਕਸਿਤ ਕੀਤੀਆਂ ਹਨ। ਆਦਿ ਸਮਾਜ ਨੇ ਆਲੌਕਿਕ ਕੁਦਰਤੀ ਸ਼ਕਤੀਆਂ ਨੂੰ ਬਿਮਾਰੀਆਂ ਦਾ ਕਾਰਨ ਅਤੇ ਇਲਾਜ ਮੰਨਿਆ। ਇਹ ਇਸ ਲਈ ਸੀ ਕਿਉਂਕਿ ਮਨੁੱਖੀ ਸਮਾਜ ਨੂੰ ਆਲੇ-ਦੁਆਲੇ ਦੀਆਂ ਵੱਖ-ਵੱਖ ਘਟਨਾਵਾਂ ਦੇ ਕਾਰਨਾਂ ਬਾਰੇ ਗਿਆਨ ਦੀ ਘਾਟ ਸੀ। ਸਮੇਂ ਦੇ ਬੀਤਣ ਨਾਲ ਸਿਹਤ ਸੰਭਾਲ ਨੂੰ ਉਤਸ਼ਾਹਿਤ ਕਰਨ ਲਈ ਵੱਖੋ-ਵੱਖਰੇ ਸਿਧਾਂਤ ਅਤੇ ਪਰਿਕਲਪਨਾਵਾਂ ਪੇਸ਼ ਕੀਤੀਆਂ ਗਈਆਂ। ਇਹ ਵਿਕਾਸ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਲਗਭਗ ਇੱਕੋ ਸਮੇਂ ਦੌਰਾਨ ਹੋਇਆ ਹੈ। ਇਹ ਮੰਨਿਆ ਗਿਆ ਕਿ ਸਰੀਰ ਵਿੱਚ ਵਿਕਾਰ ਕੁਦਰਤੀ ਕਾਰਨਾਂ ਕਰਕੇ ਹੁੰਦੇ ਹਨ। ਜੜੀ-ਬੂਟੀਆਂ, ਬੂਟੇ ਅਤੇ ਕਈ ਵਾਰ ਜਾਨਵਰਾਂ ਦੀ ਸਮੱਗਰੀ ਦੇ ਰੂਪ ਵਿੱਚ ਕੁਦਰਤੀ ਉਤਪਾਦਾਂ ਦੇ ਆਧਾਰ ਤੇ ਇਲਾਜ ਦੇ ਢੰਗ ਵਿਕਸਿਤ ਕੀਤੇ ਗਏ ਸਨ। ਭਾਰਤ ਵਿੱਚ ਆਯੁਰਵੇਦ ਪ੍ਰਣਾਲੀ, ਮਿਸਰ ਅਤੇ ਬੈਬਿਲੌਨ ਵਿੱਚ ਯੂਨਾਨੀ, ਤਾਮਿਲਨਾਡੂ ਵਿੱਚ ਸਿਧਾ, ਚੀਨ ਵਿੱਚ ਐਕੂਪੰਕਚਰ ਅਤੇ ਜਾਪਾਨ ਵਿੱਚ ਐਕਯੂਪ੍ਰੈਸ਼ਰ ਆਦਿ ਵਿਕਸਿਤ ਹੋਏ। ਆਧੁਨਿਕ ਵਿਗਿਆਨਕ ਮੈਡੀਕਲ ਪ੍ਰਣਾਲੀ ਸਦੀਆਂ ਤੋਂ ਲਗਾਤਾਰ ਖੋਜਾਂ ਤੋਂ ਵਿਕਸਤ ਹੋਈ। ਗ੍ਰੀਸ ਦੇ ਹਿਪੋਕ੍ਰੇਟਸ ਨੂੰ ਇਸਦਾ ਪਿਤਾ ਮੰਨਿਆ ਜਾਂਦਾ ਹੈ।ਆਧੁਨਿਕ ਮੈਡੀਕਲ ਪ੍ਰਣਾਲੀ ਨੇ ਸਬੂਤਾਂ ਰਾਹੀਂ ਡਾਕਟਰੀ ਦੇਖਭਾਲ ਵਿੱਚ ਕਈ ਅਜਿਹੀਆਂ ਧਾਰਨਾਵਾਂ ਨੂੰ ਤੋੜ ਦਿੱਤਾ ਜਿਹੜੀਆਂ ਕਿ ਵਿਸ਼ਵਾਸਾਂ ਅਤੇ ਮਿੱਥਿਆਵਾਂ 'ਤੇ ਟਿਕੀਆਂ ਹੋਈਆਂ ਸਨ ਪਰ ਵਿਸ਼ਵਾਸ ਪ੍ਰਣਾਲੀ ਅਤੇ ਮਿਥਿਹਾਸ ਅਜੇ ਵੀ ਮੌਜੂਦ ਹਨ ਅਤੇ ਬਹੁਤ ਸਾਰੇ ਲੋਕਾਂ ਦੇ ਦਿਮਾਗ ਤੋਂ ਵਿਗਿਆਨਕ ਸੋਚ ਦੁਆਰਾ ਪੂਰੀ ਤਰ੍ਹਾਂ ਨਹੀਂ ਬਦਲੇ ਜਾ ਸਕੇ। ਇਹ ਵਿਸ਼ਵਾਸ ਕਈ ਵਾਰ ਇਲਾਜ ਵਿੱਚ ਦੇਰੀ ਦਾ ਕਾਰਨ ਬਣ ਜਾਂਦੇ ਹਨ। ਮਿਸਾਲ ਵਜੋਂ ਕੰਨ ਪੇੜੇ (Mumps) ਦੀ ਬਿਮਾਰੀ ਦੇ ਲਗਭਗ ਸਾਰੇ ਮਰੀਜ਼ ਵਿਸ਼ਵਾਸੀ ਇਲਾਜ ਕਰਨ ਵਾਲਿਆਂ (ਅਖੌਤੀ ਬਾਬਿਆਂ) ਕੋਲ ਜਾਂਦੇ ਹਨ, ਜਿਸ ਕਾਰਨ ਪ੍ਰੇਸ਼ਾਨੀ ਵਾਲੇ ਲੱਛਣਾਂ ਨੂੰ ਦੂਰ ਕਰਨ ਵਿੱਚ ਦੇਰੀ ਹੁੰਦੀ ਹੈ। ਇਹ ਬਾਬੇ ਚਿਹਰੇ 'ਤੇ ਕੰਨ ਪੇੜੇ ਦੇ ਕਾਰਨ ਪਈ ਸੋਜ ਨੂੰ ਦਬਾਉਂਦੇ ਹਨ (ਹੱਥ ਠੁਕਾਈ), ਝਾੜਾ ਕਰਦੇ ਹਨ ਤੇ ਕੁਝ ਮੰਤਰ ਪੜ੍ਹਦੇ ਹਨ ਅਤੇ ਸੋਜ 'ਤੇ ਗਾਚਣੀ ਮਿੱਟੀ ਲਗਾ ਦਿੰਦੇ ਹਨ। ਇਸੇ ਤਰ੍ਹਾਂ ਬੇਲਜ਼ ਪਾਲਸੀ (ਲਕਵਾ-ਚਿਹਰੇ ਦੇ ਇੱਕ ਤਰਫਾ ਅਧਰੰਗ ਦੀ ਇੱਕ ਕਿਸਮ) ਦੇ ਮਰੀਜ਼ ਵੀ ਬਾਬਿਆਂ ਦੀ ਸਲਾਹ ਅਕਸਰ ਲੈਂਦੇ ਹਨ। ਦਿਲਚਸਪ ਗੱਲ ਇਹ ਹੈ ਕਿ ਅਜਿਹਾ ਵਿਸ਼ਵਾਸ ਆਧਾਰਿਤ ਇਲਾਜ ਕਰਨ ਵਾਲਾ ਇੱਕ ਬਾਬਾ ਕੰਨਵੈਕਸ ਲੈਂਸ ਨਾਲ ਮਰੀਜ਼ ਦੀ ਗਰਦਨ 'ਤੇ ਸੂਰਜ ਦੀ ਚਮਕਦਾਰ ਰੌਸ਼ਨੀ ਨੂੰ ਕੇਂਦਰਿਤ ਕਰਦਾ ਹੈ। ਇਸ ਨਾਲ ਚਮੜੀ ਜਲ ਜਾਂਦੀ ਹੈ, ਜੋ ਕੁਝ ਹੀ ਹਫਤਿਆਂ 'ਚ ਠੀਕ ਵੀ ਹੋ ਜਾਂਦੀ ਹੈ ਅਤੇ ਉਸ ਸਮੇਂ ਤੱਕ ਚਿਹਰੇ ਦਾ ਅਧਰੰਗ ਵੀ ਠੀਕ ਹੋ ਜਾਂਦਾ ਹੈ। ਬੇਲਜ਼ ਅਧਰੰਗ ਅਤੇ ਕੰਨ ਪੇੜੇ ਵਰਗੀਆਂ ਅਨੇਕਾਂ ਬਿਮਾਰੀਆਂ ਕੁਝ ਸਹਾਇਕ ਉਪਾਵਾਂ ਨਾਲ ਆਪਣੇ ਆਪ ਠੀਕ ਹੋ ਜਾਂਦੀਆਂ ਹਨ। ਇਹ ਜ਼ਰੂਰੀ ਹੈ ਕਿ ਰੋਗ ਤੋਂ ਹੋਣ ਵਾਲੀਆਂ ਪੇਚੀਦਗੀਆਂ ਨੂੰ ਰੋਕਿਆ ਜਾਵੇ ਅਤੇ ਮਰੀਜ਼ ਦੇ ਮਨ ਤੋਂ ਡਰ ਅਤੇ ਤਣਾਅ ਨੂੰ ਦੂਰ ਕੀਤਾ ਜਾਵੇ। ਬਹੁਤ ਸਾਰੀਆਂ ਬਿਮਾਰੀਆਂ ਧਾਰਮਿਕ ਧਾਰਨਾਵਾਂ ਨਾਲ ਵੀ ਜੁੜੀਆਂ ਹੋਈਆਂ ਹਨ। ਉਦਾਹਰਨ ਲਈ ਚਿਕਨ ਪਾਕਸ (ਛੋਟੀ ਮਾਤਾ) ਦੇ ਮਰੀਜ਼ ਪ੍ਰਾਰਥਨਾ ਕਰਨ ਵਿੱਚ ਲੰਬਾ ਸਮਾਂ ਬਿਤਾਉਂਦੇ ਹਨ। ਇਹ ਦੇਖਿਆ ਗਿਆ ਹੈ ਕਿ ਕਈ ਵਾਰ ਪੜ੍ਹੇ-ਲਿਖੇ ਵਿਅਕਤੀ ਵੀ ਹਫ਼ਤੇ ਦੇ ਕੁਝ ਖਾਸ ਦਿਨਾਂ 'ਤੇ ਡਾਕਟਰ ਕੋਲ ਨਹੀਂ ਜਾਂਦੇ ਕਿਉਂਕਿ ਉਹ ਸਮਝਦੇ ਹਨ ਕਿ ਇਹ ਦਿਨ ਉਨ੍ਹਾਂ ਲਈ ਸ਼ੁਭ ਨਹੀਂ ਹਨ।

ਸਾਡੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਅਜਿਹੀਆਂ ਅਣਗਿਣਤ ਉਦਾਹਰਨਾਂ ਹਨ। ਜਦੋਂ ਕੁਝ ਅਜਿਹੀਆਂ ਮਿੱਥਾਂ ਨੂੰ ਸਮਾਜ ਵਿੱਚ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾਂਦਾ ਹੈ ਤਾਂ ਇਹ ਸਮਾਜਕ ਸੋਚ ਦਾ ਹਿੱਸਾ ਵੀ ਬਣ ਜਾਂਦੀਆਂ ਹਨ। ਕੋਵਿਡ-19 ਦੀ ਚੱਲ ਰਹੀ ਮਹਾਂਮਾਰੀ ਦੌਰਾਨ ਅਸੀਂ ਦੇਖਿਆ ਹੈ ਕਿ ਕਿਵੇਂ ਗਊ ਮੂਤਰ ਅਤੇ ਗਊ ਗੋਬਰ ਦੀ ਵਰਤੋਂ ਦਾ ਪ੍ਰਚਾਰ ਕੀਤਾ ਗਿਆ ਸੀ। ਕੁਝ ਧਾਰਮਿਕ ਰਸਮਾਂ ਨੂੰ ਵੀ ਇਸ ਬਿਮਾਰੀ ਦੇ ਇਲਾਜ ਵਜੋਂ ਪ੍ਰਚਾਰਿਆ ਗਿਆ ਸੀ। ਇਕ ਸੰਸਦ ਮੈਂਬਰ ਪ੍ਰੱਗਿਆ ਠਾਕੁਰ ਨੇ ਤਾਂ ਜ਼ੋਰ ਦੇ ਕੇ ਕਿਹਾ ਸੀ ਕਿ ਗਊ ਮੂਤਰ ਨਾਲ ਉਨ੍ਹਾਂ ਦਾ ਕੈਂਸਰ ਠੀਕ ਹੋ ਗਿਆ ਹੈ। ਇਸ ਦਾ ਅਸਰ ਇਹ ਹੈ ਕਿ ਬਹੁਤ ਸਾਰੀਆਂ ਗਊਸ਼ਾਲਾਵਾਂ 'ਤੇ ਲੋਕਾਂ ਵਲੋਂ ਗਊ ਮੂਤਰ ਨੂੰ ਲੈਣ ਲਈ ਲਾਈਨਾਂ ਲੱਗਦੀਆਂ ਹਨ। ਬਾਬਾ ਰਾਮਦੇਵ ਆਧੁਨਿਕ ਡਾਕਟਰੀ ਦੇਖਭਾਲ ਦੀ ਆਲੋਚਨਾ ਕਰਨ ਅਤੇ ਇਸ ਦੀ ਪ੍ਰਭਾਵਸ਼ੀਲਤਾ ਬਾਰੇ ਬਿਨਾਂ ਕੋਈ ਸਬੂਤ ਦਿੱਤੇ ਆਪਣੀ ਹੀ ਕੋਰੋਨਿਲ ਦਾ ਪ੍ਰਚਾਰ ਕਰਨ ਦੀ ਹੱਦ ਤੱਕ ਚਲੇ ਗਏ।

ਪ੍ਰਚਾਰ ਇੰਨਾ ਪ੍ਰਭਾਵਸ਼ਾਲੀ ਹੋ ਸਕਦਾ ਹੈ ਕਿ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਾਂ ਨੂੰ ਥਾਲੀਆਂ ਵਜਾਉਣ ਅਤੇ ਸ਼ੰਖ ਵਜਾਉਣ ਦੀ ਅਪੀਲ ਕੀਤੀ ਤਾਂ ਦੇਸ਼ ਦੇ ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਦੇ ਨਿਰਦੇਸ਼ਾਂ ਦੀ ਇੱਕ ਵਾਰ ਨਹੀਂ ਸਗੋਂ ਦੋ ਵਾਰੀ ਇਸ ਉਮੀਦ ਨਾਲ ਪਾਲਣਾ ਕੀਤੀ ਕਿ ਇਸ ਨਾਲ ਕਰੋਨਾ ਦਾ ਖ਼ਾਤਮਾ ਹੋ ਜਾਵੇਗਾ। ਇਸ ਕਿਸਮ ਦੇ ਮਾਸ ਹਿਸਟੀਰੀਆ (ਜਨਤਕ ਜਨੂਨ) ਦਾ ਅਤੀਤ ਵਿੱਚ ਅਧਿਐਨ ਕੀਤਾ ਗਿਆ ਸੀ। 1995 ਵਿੱਚ ਦੇਸ਼ ਭਰ ਵਿੱਚ ਲੋਕ ਵਿਸ਼ਵਾਸ ਕਰਨ ਲਗ ਗਏ ਸਨ ਕਿ ਮੂਰਤੀਆਂ ਦੁੱਧ ਪੀ ਸਕਦੀਆਂ ਹਨ। 21 ਸਤੰਬਰ 1995 ਨੂੰ ਗਣੇਸ਼ ਦੀ ਮੂਰਤੀ ਦਾ ਦੁੱਧ ਪੀਣ ਦਾ ਚਮਤਕਾਰ ਇੱਕ ਅਜਿਹਾ ਵਰਤਾਰਾ ਸੀ, ਜਿਸ ਵਿੱਚ ਹਿੰਦੂ ਦੇਵਤਾ ਗਣੇਸ਼ ਦੀਆਂ ਮੂਰਤੀਆਂ ਨੂੰ ਦੁੱਧ ਦੀਆਂ ਭੇਟਾਂ ਪੀਂਦੇ ਹੋਏ ਮੰਨਿਆ ਗਿਆ। ਇਹ ਕੁੱਝ ਮਨੋਵਿਗਿਆਨ ਦਾ ਅਧਿਐਨ ਕਰਨ ਲਈ ਕੀਤਾ ਗਿਆ ਇੱਕ ਪ੍ਰਯੋਗ ਜਾਪਦਾ ਹੈ, ਜਿਸ ਨੂੰ ਕਿ ਲੋੜ ਪੈਣ 'ਤੇ ਕਿਸੇ ਸਮਾਜਿਕ-ਰਾਜਨੀਤਿਕ ਉਦੇਸ਼ ਲਈ ਵੀ ਵਰਤਿਆ ਜਾ ਸਕਦਾ ਹੈ। ਕੋਵਿਡ ਬਾਰੇ ਥਾਲੀ ਆਦਿ ਨੂੰ ਕੁੱਟਣ ਬਾਰੇ ਪ੍ਰਧਾਨ ਮੰਤਰੀ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਵਾਲੀਆਂ ਘਟਨਾਵਾਂ, ਗਣੇਸ਼ ਦੀ ਮੂਰਤੀ 'ਤੇ ਉਸ ਪ੍ਰਯੋਗ ਨਾਲ ਬਹੁਤ ਚੰਗੀ ਤਰ੍ਹਾਂ ਜੁੜੇ ਹੋ ਸਕਦੇ ਹਨ। 18ਵੀਂ ਸਦੀ ਵਿੱਚ ਇੰਗਲੈਂਡ ਵਿੱਚ ਲੋਕ ਉਨ੍ਹਾਂ ਔਰਤਾਂ ਨੂੰ ਮਾਰ ਦਿੰਦੇ ਸਨ, ਜਿਨ੍ਹਾਂ ਨੂੰ ਕੁਝ ਸਵਾਰਥੀ ਹਿੱਤਾਂ ਦੁਆਰਾ ਡੈਣਾਂ ਵਜੋਂ ਬਦਨਾਮ ਕੀਤਾ ਜਾਂਦਾ ਸੀ ਅਤੇ ਸਮਾਜ ਵਿੱਚ ਬੁਰਾਈਆਂ ਦਾ ਕਾਰਨ ਕਿਹਾ ਜਾਂਦਾ ਸੀ। ਕੁਝ ਸਾਲ ਪਹਿਲਾਂ ਦਿੱਲੀ ਦੇ ਬੁਰਾੜੀ ਇਲਾਕੇ 'ਚ ਕਿਸੇ ਪ੍ਰਚਾਰਕ ਦੇ ਕਹਿਣ 'ਤੇ ਪਰਿਵਾਰ ਦੇ ਸਾਰੇ ਜੀਆਂ ਵੱਲੋਂ ਖੁਦਕੁਸ਼ੀ ਕਰਨ ਦੀ ਘਟਨਾ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਜਰਮਨੀ ਵਿੱਚ ਨਾਜ਼ੀਆਂ ਦੁਆਰਾ ਯਹੂਦੀਆਂ ਅਤੇ ਅਸਹਿਮਤੀਵਾਦੀਆਂ ਦੇ ਵਿਰੁੱਧ ਅਜਿਹਾ ਹੀ ਸਮੂਹਿਕ ਪਾਗਲਪਣ ਪੈਦਾ ਕੀਤਾ ਗਿਆ ਸੀ, ਜਿਸਦੇ ਸਿੱਟੇ ਵਜੋਂ ਬਿਨਾਂ ਕਿਸੇ ਪਛਤਾਵੇ ਦੇ ਕਤਲਾਂ ਨੂੰ ਜਾਇਜ਼ ਠਹਿਰਾਇਆ ਗਿਆ।

Printed, Published and Owned by Ramanpreet Singh and Printed at The Caseeno Printing Press, Rampura Phul and Published from Monthly Rozana Savera, Guru Nanak Pura Mohalla, Near Vishwash Mandir, Rampua Phul, Distt Bathinda, Punjab
Editor : Ramanpreet Singh
RNI No.PunPun 04267
E-mail : rozanasavera@gmail.com
ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਰਮਨਪ੍ਰੀਤ ਸਿੰਘ ਨੇ ਦਾ ਕਸੀਨੋ ਪ੍ਰਿੰਟਿਗ ਪ੍ਰੈਸ, ਰਾਮਪੁਰਾ ਫੂਲ ਤੋਂ ਛਪਵਾ ਕੇ ਗੁਰੂ ਨਾਨਕ ਪੁਰਾ ਮੁਹੱਲਾ, ਨੇੜੇ ਵਿਸ਼ਵਾਸ ਮੰਦਿਰ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ : ਰਮਨਪ੍ਰੀਤ ਸਿੰਘ
ਨੋਟ : ਸੰਪਾਦਕ ਸਿਰਫ ਪੀ ਆਰ ਬੀ ਐਕਟ ਅਧੀਨ ਖਬਰਾਂ ਲਈ ਜ਼ਿੰਮੇਵਾਰ।
ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ ਬਠਿੰਡਾ ਅਦਾਲਤ ਵਿੱਚ ਹੀ ਹੋਵੇਗਾ।

# ਅਗਨੀਪਥ ਅੰਦੋਲਨ ਦਾ ਸਿਆਸੀ ਅਰਥਚਾਰਾ

**ਔਨਿੰਦਿਓ ਚੱਕਰਵਰਤੀ**

ਇਕ ਸਵਾਲ ਜਿਸ ਨੇ ਸਿਆਸੀ ਪੰਡਤਾਂ ਨੂੰ ਘੁੰਮਣਘੇਰੀ ਵਿਚ ਪਾਇਆ ਹੋਇਆ ਹੈ, ਇਹ ਹੈ ਕਿ ਭਾਰਤੀ ਲੋਕਾਂ ਦਾ ਰੋਹ ਕਦੇ ਬੇਰੁਜ਼ਗਾਰੀ ਦੇ ਸਵਾਲ 'ਤੇ ਉਬਾਲੇ ਕਿਉਂ ਨਹੀਂ ਖਾਂਦਾ ਤੇ ਉਹ ਇਸ ਮੁੱਦੇ 'ਤੇ ਵੋਟ ਕਿਉਂ ਨਹੀਂ ਪਾਉਂਦੇ। ਹੁਣ ਤਾਂ ਸਰਵੇਖਣਾਂ ਵਿਚ ਵੀ ਇਹ ਗੱਲ ਆ ਰਹੀ ਹੈ ਕਿ ਨੌਕਰੀਆਂ ਦੀ ਘਾਟ ਸਭ ਤੋਂ ਵੱਡਾ ਮੁੱਦਾ ਹੈ, ਫਿਰ ਵੀ ਵੋਟਾਂ ਦੇ ਤੌਰ ਤਰੀਕਿਆਂ ਵਿਚ ਕੋਈ ਖ਼ਾਸ ਫ਼ਰਕ ਦੇਖਣ ਵਿਚ ਨਹੀਂ ਆ ਰਿਹਾ। ਜੇ ਗੱਲ ਵਾਕਈ ਇਵੇਂ ਹੀ ਹੈ ਤਾਂ ਫਿਰ ਇੰਨੀ ਜ਼ਿਆਦਾ ਸੰਖਿਆ ਵਿਚ ਨੌਜਵਾਨ ਸੜਕਾਂ 'ਤੇ ਆ ਕੇ ਅਗਨੀਪਥ ਸਕੀਮ 'ਤੇ ਆਪਣਾ ਗੁੱਸਾ ਕਿਉਂ ਜਤਾ ਰਹੇ ਹਨ ? ਉਹ ਵੀ ਬਹੁਤੀ ਥਾਈਂ ਆਪ ਮੁਹਾਰੇ। ਇਸ ਸਵਾਲ ਦਾ ਜਵਾਬ ਇਸ ਗੱਲ ਵਿਚ ਪਿਆ ਹੈ ਕਿ ਭਾਰਤ ਦੇ ਛੋਟੇ ਕਸਬਿਆਂ ਅਤੇ ਪਿੰਡਾਂ ਵਿਚਲੇ ਨੌਜਵਾਨਾਂ ਲਈ ਫ਼ੌਜ ਦੀ ਨੌਕਰੀ ਕੀ ਮਾਇਨੇ ਰੱਖਦੀ ਹੈ।

ਟਿਕਟੌਕ ਪਲੈਟਫਾਰਮ ਭਾਵੇਂ ਹੁਣ ਬੰਦ ਕਰ ਦਿੱਤਾ ਗਿਆ ਹੈ ਪਰ ਇਸ ਵਿਚੋਂ ਕੁਝ ਬਹੁਤ ਹੀ ਖਾਸ ਕਿਸਮ ਦੀ ਅੰਤਰਝਾਤ ਮਿਲਦੀ ਸੀ। ਟਿਕਟੌਕ 'ਤੇ ਕਈ ਵੰਨਗੀਆਂ ਤੇ ਥੀਮ ਲੋਕਪ੍ਰਿਯਾ ਸਨ ਜਿਨ੍ਹਾਂ ਵਿਚੋਂ ਦੋ ਸਾਡੇ ਲਈ ਪ੍ਰਸੰਗਕ ਹਨ। ਪਹਿਲੀ ਵੰਨਗੀ ਉਨ੍ਹਾਂ ਵੀਡੀਓਜ਼ ਦੀ ਹੈ ਜਿਨ੍ਹਾਂ ਵਿਚ ਫ਼ੌਜੀ ਜਵਾਨਾਂ ਨੂੰ ਦੇਸ਼ ਦੀ ਖ਼ਾਤਰ ਆਪਣੀਆਂ ਜਾਨਾਂ ਨਿਛਾਵਰ ਕਰਨ ਦੀ ਖਾਹਿਸ਼ ਦਰਸਾਈ ਗਈ ਹੈ। ਕੁਝ ਹੋਰ ਵੀਡੀਓਜ਼ ਹਨ ਜਿਨ੍ਹਾਂ ਵਿਚ ਨੌਜਵਾਨਾਂ ਨੂੰ ਫ਼ੌਜ ਵਿਚ ਭਰਤੀ ਲਈ ਕਵਾਇਦ ਕਰਦੇ ਹੋਏ, ਸੜਕਾਂ 'ਤੇ ਦੌੜਦੇ ਹੋਏ ਭਾਰੇ ਟਾਇਰ ਖਿੱਚਦਿਆਂ ਜਾਂ ਸਿਰੇ ਦੀ ਜਿਸਮਾਨੀ ਮੁਸ਼ੱਕਤ ਦੇ ਕਰਤੱਬ ਕਰਦਿਆਂ ਦਿਖਾਇਆ ਗਿਆ ਹੈ। ਇਨ੍ਹਾਂ ਵੀਡੀਓਜ਼ ਵਿਚ ਫ਼ੌਜ ਅਤੇ ਦੇਸ਼ ਲਈ ਜਾਨ ਵਾਰਨ ਦੀ ਸ਼ਾਨ ਵਿਚ ਲੋਕਪ੍ਰਿਯਾ ਪਿੱਠਵਰਤੀ ਗੀਤ ਵੀ ਪਾਏ ਗਏ ਹਨ।

ਟਿਕਟੌਕ ਦੀ ਇਕ ਹੋਰ ਵੰਨਗੀ ਸਰਕਾਰੀ ਨੌਕਰੀ ਨਾਲ ਸਬੰਧਿਤ ਹੈ। ਇਹ ਆਮ ਤੌਰ 'ਤੇ ਮਜ਼ਾਹੀਆ ਵੀਡੀਓਜ਼ ਹਨ ਕਿ ਕਿਵੇਂ ਸਰਕਾਰੀ ਨੌਕਰੀ ਪਾਉਣ ਵਾਲੇ ਨੌਜਵਾਨਾਂ ਵੱਲ ਮੁਟਿਆਰਾਂ ਖਿੱਚੀਆਂ ਜਾਂਦੀਆਂ ਹਨ, ਫਿਰ ਭਾਵੇਂ ਉਹ ਦੇਖਣ ਪਾਖਣ ਨੂੰ ਬਹੁਤੇ ਸੋਹਣੇ ਨਾ ਵੀ ਹੋਣ। ਬਹੁਤ ਜ਼ਿਆਦਾ ਵਾਇਰਲ ਹੋਈ ਇਕ ਟਿਕਟੌਕ ਵੀਡੀਓ ਵਿਚ ਸਜੀ ਧਜੀ ਔਰਤ ਨੂੰ ਬਦਸ਼ਕਲ ਜਿਹੇ ਆਦਮੀ ਨਾਲ ਖੜ੍ਹੇ ਦਿਖਾਇਆ ਗਿਆ ਹੈ ਅਤੇ ਉਨ੍ਹਾਂ ਕੋਲੋਂ ਲੰਘਣ ਵਾਲੇ ਵਿਅਕਤੀ ਨੂੰ ਸ਼ੱਕ ਪੈਂਦਾ ਹੈ ਕਿ ਉਹ ਦੋਵੇਂ ਇਕ ਦੂਜੇ ਨੂੰ ਪਸੰਦ ਕਿਵੇਂ ਕਰਦੇ ਹੋਣਗੇ ਤਾਂ ਆਦਮੀ ਜਵਾਬ ਦਿੰਦਾ ਹੈ ਕਿ 'ਇਹ ਸਭ ਸਰਕਾਰੀ ਨੌਕਰੀ ਦਾ ਕਮਾਲ ਹੈ।' ਇਕ ਹੋਰ ਵੀਡੀਓ ਵਿਚ ਆਦਮੀ ਜਵਾਨ ਔਰਤ ਨੂੰ ਦੱਸਦਾ ਹੈ ਕਿ ਜਦੋਂ ਉਹ ਉਸ ਦੇ ਪਰਿਵਾਰ ਨੂੰ ਸਰਕਾਰੀ ਨੌਕਰੀ ਲੈ ਕੇ ਦਿਖਾਏਗਾ ਤਾਂ ਉਹ ਵੀ ਉਸ ਨੇੜੇ ਆਉਣ ਤੋਂ ਨਹੀਂ ਰੋਕ ਸਕੇਗੀ।

ਇਹ ਵੰਨਗੀਆਂ ਸਮੱਗਰੀ, ਮਿਜ਼ਾਜ ਤੇ ਪੇਸ਼ਕਾਰੀ ਦੇ ਲਿਹਾਜ਼ ਤੋਂ ਵੱਖੋ ਵੱਖਰੀਆਂ ਹੋ ਸਕਦੀਆਂ ਹਨ ਪਰ ਪ੍ਰੇਰਨਾ ਤੇ ਹਾਸਰਸ ਦੇ ਪੱਖ ਤੋਂ ਇਨ੍ਹਾਂ ਦਾ ਥੀਮ ਬਹੁਤ ਮਿਲਦਾ ਜੁਲਦਾ ਹੈ। ਇਹ ਦੋਵੇਂ ਸਿਰੇ ਦੀ ਪਿੱਤਰਵਾਦੀ ਹੈਂਕੜ ਦੇ ਪ੍ਰਸੰਗ ਵਿਚੋਂ ਉਪਜਦੀਆਂ ਹਨ। ਇਨ੍ਹਾਂ ਦੀਆਂ ਆਪਸੀ ਗੱਲਬਾਤ ਦੇ ਪ੍ਰਤੀਕ ਵੀ ਆਪੋ ਵਿਚ ਜੁੜੇ ਹੋਏ ਹਨ। ਨੌਜਵਾਨ ਮਜ਼ਬੂਤ ਤੇ ਧੱਕੜ ਬਣਨ ਅਤੇ ਨਾਲ ਹੀ ਆਪਣਾ ਆਪ ਵਾਰਨ ਦੀ ਚੇਸ਼ਟਾ ਰੱਖਦੇ ਹਨ। ਕੁਝ ਮਾਮਲਿਆਂ ਵਿਚ ਜੇ ਆਦਮੀ ਦੀ ਸ਼ਕਲ ਸੂਰਤ ਸੋਹਣੀ ਵੀ ਨਹੀਂ ਹੈ ਤਾਂ ਵੀ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਸੋਹਣੀਆਂ ਔਰਤਾਂ ਸਿਰਫ਼ ਪੈਸਾ, ਰੁਤਬਾ ਤੇ ਸਥਿਰਤਾ ਚਾਹੁੰਦੀਆਂ ਹਨ (ਸੁਣੋ ਸੁੰਦਰ ਲੜਕੀਓ, ਏਕ ਸਰਕਾਰੀ ਨੌਕਰੀ ਫੇਕ ਕੇ ਮਾਰੂੰਗਾ)। ਇਹੀ ਉਹੀ ਮੁਕਾਮ ਹੈ ਜਿੱਥੇ ਇਕ ਸਰਕਾਰੀ ਨੌਕਰੀ ਜ਼ਰੀਏ ਜੰਗਬਾਜ਼ੀ, ਮਰਦ-ਸੱਤਾ, ਵਿੱਤੀ ਸਥਿਰਤਾ ਤੇ ਸੱਤਾ ਨਾਲ ਜੁੜਨ ਦੀ ਖਾਹਿਸ਼ ਆਦਿ ਸਭ ਕੁਝ ਆਦਰਸ਼ਕ ਨੌਕਰੀ ਦਾ ਤਸੱਵੁਰ ਘੜਦੀ ਹੈ।

ਇਹ ਕੋਈ ਨਵੀਂ ਗੱਲ ਵੀ ਨਹੀਂ ਹੈ ਪਰ ਪਿਛਲੇ ਦਸਾਂ ਕੁ ਸਾਲਾਂ ਤੋਂ ਇਸ ਵਿਚ ਕਾਫ਼ੀ ਤੇਜ਼ੀ ਆ ਗਈ ਹੈ ਕਿਉਂਕਿ ਮੁੱਖਧਾਰਾ ਦੇ ਮੀਡੀਆ ਤੇ ਜਨਤਕ ਸਭਿਆਚਾਰ ਵਿਚ ਸੰਜੇਪੰਥ ਦਾ ਦਬਦਬਾ ਕਾਇਮ ਹੋ ਗਿਆ ਹੈ। ਉਦਾਰਵਾਦੀ ਖਿਤਿਆਂ ਵਿਚ ਜਿੱਥੇ ਇਸ ਨੂੰ ਵਿਸ਼ੈਲੀ ਮਰਦਾਨਗੀ ਦੇ ਤੌਰ 'ਤੇ ਦੇਖਿਆ ਜਾਂਦਾ ਹੈ, ਉੱਥੇ ਸੰਜੇਪੰਥ ਲਈ ਇਹ ਆਦਰਸ਼ਕ ਵਿਚਾਰਧਾਰਾ ਗਿਣੀ ਜਾਂਦੀ ਹੈ। ਜਿੱਥੇ ਸਟੇਟ ਨਾਲ ਇਸ ਦੀ ਵਿਰੋਧਾਭਾਸੀ ਪਛਾਣ ਹੁੰਦੀ ਹੈ, ਉੱਥੇ ਪ੍ਰਾਈਵੇਟ ਉਦਮਾਂ ਨਾਲ ਇਸ ਦਾ ਦੇਵ-ਸਰੂਪ ਰਿਸ਼ਤਾ ਹੁੰਦਾ ਹੈ।

ਇਹ ਕੁਲੀਨ ਰਾਜਨੀਤੀ ਦੇ ਖੇਤਰਾਂ ਵਿਚ ਨੌਕਰਸ਼ਾਹ-ਪ੍ਰਬੰਧਕੀ ਸਮੂਹਾਂ ਉਪਰ ਕਾਰੋਬਾਰੀ ਜਾਤਾਂ ਤੇ ਜਮਾਤਾਂ ਦੀ ਫਤਿਹ ਨਾਲ ਨੇੜਿਓਂ ਜੁੜੀ ਹੁੰਦੀ ਹੈ। ਇਤਿਹਾਸਕ ਕਾਰਨਾਂ ਕਰ ਕੇ ਤਜਾਰਤੀ ਕੁਲੀਨਾਂ ਨੇ ਪੱਛਮੀ ਜਾਗ੍ਰਿਤੀ ਦੇ ਬਿਰਤਾਂਤ ਅਤੇ ਇਸ ਦੀਆਂ ਪਦਾਰਥਕ ਰਹੁ-ਰੀਤਾਂ ਦਾ ਮਾਰਗ ਅਪਣਾਉਣ ਦਾ ਵਿਰੋਧ ਕੀਤਾ ਹੈ। ਇਸ ਕਰ ਕੇ ਇਸ ਨੂੰ ਲੋਕਾਂ ਨੂੰ ਸਾਂਝੇ ਸਭਿਆਚਾਰ ਤੇ ਭਾਸ਼ਾ ਦੇ ਨਾਂ 'ਤੇ ਧੂਹ ਪਾਉਣ ਦੀ ਖੁੱਲ੍ਹ ਮਿਲਦੀ ਹੈ, ਭਾਵੇਂ ਇਹ ਰਵਾਇਤਾਂ ਕਿੰਨੀਆਂ ਵੀ ਫ਼ਰਜ਼ੀ ਤੇ ਕਾਲਪਨਿਕ ਕਿਉਂ ਨਾ ਹੋਣ।

ਨਵੇਂ ਕੁਲੀਨ ਦੇ ਇਸ ਉਭਾਰ ਨਾਲ ਹੇਠਲੇ ਮੱਧ ਵਰਗੀ ਸਮੂਹਾਂ ਨੂੰ ਸੱਤਾ ਦੀ ਪ੍ਰਕਿਰਿਆ ਵਿਚ ਹਿੱਸੇਦਾਰੀ ਦਾ ਖਿਆਲ ਦਿੱਤਾ ਸੀ। ਜੇ ਪਹਿਲਾਂ ਉਹ ਸਰਕਾਰ ਨੂੰ ਕਲਿਆਣਕਾਰੀ ਦੇ ਤੌਰ 'ਤੇ ਦੇਖਦੇ ਸਨ ਤਾਂ ਅੱਜ ਉਹ ਸਰਕਾਰ ਨੂੰ ਕੌਮੀ ਪਛਾਣ ਦੇ ਰੂਪ ਵਿਚ ਤੱਕਦੇ ਹਨ। ਇਹੀ ਉਹ ਗੱਲ ਹੈ ਜੋ ਫ਼ੌਜ ਵਿਚ ਭਰਤੀ ਹੋਣ ਨੂੰ ਤਾਕਤ ਦਾ ਕਦਮ ਬਣਾਉਂਦਾ ਹੈ। ਇਸ ਵਿਚ ਮਰਦਾਨਗੀ, ਵਕਾਰ, ਸ਼ਕਤੀ ਤੇ ਅਖਤਿਆਰ ਜੁੜ ਜਾਂਦੇ ਹਨ ਜਿਸ ਨਾਲ ਇਕ ਨੌਜਵਾਨ ਦੇ ਰਾਸ਼ਟਰ ਅੰਦਰ ਆਪਣੇ ਵਜੂਦ ਦੀ ਚਾਹਤ ਨੂੰ ਬੂਰ ਪੈਂਦਾ ਹੈ।

ਇਸ ਦੀ ਜੜ੍ਹ ਵਿਚ ਵਿੱਤੀ ਸਥਿਰਤਾ, ਰੁਤਬਾ ਅਤੇ ਬਹੁਤ ਸਾਰੀਆਂ ਸੁੱਖ ਸਹੂਲਤਾਂ ਤੇ ਸੂਤਰ ਪਏ ਹਨ ਜੋ ਸਰਕਾਰੀ ਨੌਕਰੀ ਸਦਕਾ ਮੁਅੱਸਰ ਹੁੰਦੀਆਂ ਹਨ। 2011-12 ਦੇ ਆਰਥਿਕ ਸੰਕਟ ਤੋਂ ਬਾਅਦ ਇਸ ਦੀ ਕੀਮਤ ਹੋਰ ਵੀ ਵਧ ਗਈ ਹੈ ਕਿਉਂਕਿ ਸੰਕਟ ਤੋਂ ਬਾਅਦ ਐਲਾਨੇ ਗਏ ਰਾਹਤ ਪੈਕੇਜ ਦਾ ਅਸਰ ਵੀ ਜਲਦੀ ਖਤਮ ਹੋ ਗਿਆ। ਜਨਤਕ ਪ੍ਰਵਚਨ ਵਿਚ ਭਾਵੇਂ ਪ੍ਰਾਈਵੇਟ ਸੈਕਟਰ ਦਾ ਮਹਿਮਾ-ਮੰਡਨ ਕੀਤਾ ਜਾਂਦਾ ਹੈ ਪਰ ਭਾਰਤ ਦੇ ਨੌਜਵਾਨਾਂ ਅੰਦਰ ਇਹ ਅਹਿਸਾਸ ਵਧ ਰਿਹਾ ਹੈ ਕਿ ਪ੍ਰਾਈਵੇਟ ਸੈਕਟਰ ਦੀ ਨੌਕਰੀ ਜਾਂ ਉਦਮਸ਼ੀਲਤਾ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੈ। ਇਹ ਹਮੇਸ਼ਾ ਬਹੁਤ ਹੀ ਵਿਸਫ਼ੋਟਕ ਸਥਿਤੀ ਰਹੀ ਹੈ ਜਿੱਥੇ ਇਕ ਪਾਸੇ ਸਰਕਾਰੀ ਨੌਕਰੀਆਂ ਵਿਚ ਕਮੀ ਆ ਰਹੀ ਹੈ, ਅਸਾਮੀਆਂ 'ਤੇ ਭਰਤੀ ਨਹੀਂ ਕੀਤੀ ਜਾ ਰਹੀ, ਤੇ ਦੂਜੇ ਪਾਸੇ ਲੱਖਾਂ ਦੀ ਤਾਦਾਦ ਵਿਚ ਨੌਜਵਾਨ ਸਰਕਾਰ ਦੇ ਕਿਸੇ ਵੀ ਅੰਗ ਵਿਚ ਨੌਕਰੀ ਹਾਸਲ ਕਰਨ ਲਈ ਭਟਕਦੇ ਫਿਰ ਰਹੇ ਹਨ। 2018-19 ਤੋਂ ਬਾਅਦ ਹਰ ਥਾਈਂ ਨੌਕਰੀਆਂ ਦੀ ਘਾਟ ਦੇ ਮੱਦੇਨਜ਼ਰ ਸਥਿਤੀ ਹੋਰ ਜ਼ਿਆਦਾ ਵਿਸਫ਼ੋਟਕ ਬਣ ਗਈ ਹੈ। ਜੇ 'ਸੀਐੱਮਆਈਈ' ਦੇ ਹਾਲੀਆ ਚੁਮਾਸਿਕ ਵਿਸ਼ਲੇਸ਼ਣ 'ਤੇ ਝਾਤ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ 20-24 ਸਾਲ ਦੀ ਉਮਰ ਵਰਗ ਦੇ 38 ਫ਼ੀਸਦ ਨੌਜਵਾਨ ਲੜਕੇ ਲੜਕਿਆਂ ਨੂੰ ਨੌਕਰੀ ਦੀ ਤਲਾਸ਼ ਹੈ। ਜਦੋਂ ਵੀਹਵਿਆਂ ਦੀ ਉਮਰ ਦੇ ਨੌਜਵਾਨਾਂ ਦਾ ਸਵਾਲ ਆਉਂਦਾ ਹੈ ਤਾਂ ਇਹ ਅਨੁਪਾਤ ਦੁੱਗਣਾ ਹੋ ਜਾਣ ਦੇ ਆਸਾਰ ਹਨ। ਕੰਮ ਦੀ ਆਸ ਲਾ ਕੇ ਬੈਠੇ 5.4 ਕਰੋੜ ਨੌਜਵਾਨਾਂ ਵਿਚੋਂ 2.6 ਕਰੋੜ ਬੇਰੁਜ਼ਗਾਰ ਹਨ।

ਫਿਰ ਵੀ ਜਿਸ ਪੱਧਰ 'ਤੇ ਬੇਰੁਜ਼ਗਾਰੀ ਫੈਲ ਗਈ ਹੈ, ਇਹ ਕੋਈ ਸਿਆਸੀ ਉਥਲ ਪੁਥਲ ਪੈਦਾ ਨਹੀਂ ਕਰ ਰਹੀ। ਜਦੋਂ ਸਰਕਾਰੀ ਨੌਕਰੀਆਂ (ਜਿਵੇਂ ਮੈਡੀਕਲ ਤੇ ਇੰਜਨੀਅਰਿੰਗ ਟੈਸਟ ਆਦਿ) ਦਾ ਸਵਾਲ ਆਉਂਦਾ ਹੈ ਤਾਂ ਹਾਲਾਤ ਬਦਲ ਜਾਂਦੇ ਹਨ ਕਿਉਂਕਿ ਇਨ੍ਹਾਂ ਨੌਕਰੀਆਂ ਲਈ ਅਰਜ਼ੀ ਦੇਣ ਤੋਂ ਪਹਿਲਾਂ ਲੰਮਾ ਸਮਾਂ ਤਿਆਰੀ ਕਰਨੀ ਪੈਂਦੀ ਹੈ। ਇਸੇ ਕਰ ਕੇ ਕਿਸੇ ਨਾ ਕਿਸੇ ਸਰਕਾਰੀ ਨੌਕਰੀ ਲਈ ਦਾਖ਼ਲਾ ਪ੍ਰੀਖਿਆ ਜਾਂ ਨਿਯੁਕਤੀ ਪੱਤਰ ਜਾਰੀ ਕਰਨ ਵਿਚ ਦੇਰੀ ਦੇ ਸਵਾਲ 'ਤੇ ਭੜਕੇ ਹੋਏ ਨੌਜਵਾਨਾਂ ਦੇ ਸੰਘਰਸ਼ ਦੀਆਂ ਤਸਵੀਰਾਂ ਟੈਲੀਵਿਜ਼ਨਾਂ 'ਤੇ ਦੇਖਣ ਨੂੰ ਮਿਲਦੀਆਂ ਰਹਿੰਦੀਆਂ ਹਨ। ਇਸੇ ਤਰ੍ਹਾਂ ਜਿਸਮਾਨੀ ਤੌਰ 'ਤੇ ਮਜ਼ਬੂਤ ਨੌਜਵਾਨ ਫ਼ੌਜ ਵਿਚ ਭਰਤੀ ਦੇ ਆਪਣੇ ਸੁਪਨੇ ਨੂੰ ਸਾਕਾਰ ਕਰਨ ਲਈ ਸਾਲਾਂਬੱਧੀ ਦੌੜਾਂ ਲਾਉਂਦੇ ਤੇ ਛਾਲਾਂ ਮਾਰਦੇ ਰਹਿੰਦੇ ਹਨ ਪਰ ਜਦੋਂ ਅਚਾਨਕ ਉਨ੍ਹਾਂ ਨੂੰ ਇਹ ਆਖ ਦਿੱਤਾ ਜਾਂਦਾ ਹੈ ਕਿ ਤੁਸੀਂ ਸਿਰਫ਼ ਚਾਰ ਸਾਲ ਤੱਕ ਹੀ ਫ਼ੌਜੀ ਵਰਦੀ ਪਹਿਨ ਸਕੋਗੇ ਤਾਂ ਉਨ੍ਹਾਂ ਅੰਦਰ ਭਰਿਆ ਗੁੱਸਾ ਉਬਾਲਾ ਖਾ ਜਾਂਦਾ ਹੈ ਜਿਸ ਦੇ ਸਬੂਤ ਸੜਕਾਂ 'ਤੇ ਦਿਖਾਏ ਦਿੰਦੇ ਹਨ।



# ਨਸ਼ਿਆਂ ਦੀ ਖਰੀਦੋ ਫਰੋਖਤ ਦੇ ਮਾਮਲੇ ਵਿੱਚ ਸ਼ਹਿਰ ਦੀ ਬਦਨਾਮ ਬਸਤੀ ਦੀ ਪੁਲਿਸ ਨੇ ਘੇਰਾਬੰਦੀ ਕਰਕੇ ਕੀਤੀ ਤਲਾਸ਼ੀ

**ਧੂਰੀ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕਾਰਜਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ ਵੱਲੋਂ ਸੂਬੇ ਭਰ ਵਿੱਚ ਨਸ਼ੇ ਦੇ ਖਾਤਮੇ ਲਈ ਵਿੱਢੀ ਮੁਹਿੰਮ ਦੇ ਮੱਦੇਨਜਰ ਅੱਜ ਜਿਲਾ ਪੁਲਿਸ ਵੱਲੋਂ ਨਸ਼ਿਆਂ ਦੀ ਖਰੀਦੋ ਫਰੋਖਤ ਦੇ ਖੇਤਰ ਨਾਲ ਸ਼ਹਿਰ ਦੀ ਬਾਜੀਗਰ ਬਸਤੀ ਦੀ 'ਘੇਰਾਬੰਦੀ ਕਰਕੇ ਤਲਾਸ਼ੀ' ਕੀਤੀ ਗਈ। ਇਸ ਮੌਕੇ ਆਈ.ਜੀ. ਪਟਿਆਲਾ ਰੇਂਜ ਐਮ.ਐਸ ਛੀਨਾ ਅਤੇ ਜਿਲਾ ਪੁਲਿਸ ਮੁਖੀ ਸੰਗਰੂਰ ਮਨਦੀਪ ਸਿੰਘ ਸਿੱਧੂ ਨੇ ਵਿਸ਼ੇਸ ਤੌਰ ਤੇ ਸ਼ਿਰਕਤ ਕੀਤੀ।

ਜਿਲ ਪੁਲਿਸ ਮੁਖੀ ਮਨਦੀਪ ਸਿੰਘ ਸਿੱਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਕਾਰਜਕਾਰੀ ਡੀਜੀਪੀ ਪੰਜਾਬ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸਖ਼ਤ ਹਦਾਇਤਾਂ ਦਿੱਤੀਆਂ ਹੋਈਆਂ ਹਨ ਅਤੇ ਨਸ਼ਿਆਂ ਦਾ ਵਪਾਰ ਕਰਨ ਵਾਲੇ ਲੋਕਾਂ ਨਾਲ ਕਦੇ ਕੋਈ ਢਿੱਲ ਨਹੀਂ ਵਰਤੀ ਜਾਵੇ। ਉਨਾਂ ਕਿਹਾ ਕਿ ਅੱਜ ਇਸ ਚੈਕਿੰਗ ਦੌਰਾਂਨ ਜਿੱਥੇ ਨਸ਼ਿਆਂ, ਅਸਲਾ ਐਕਟ, ਆਬਕਾਰੀ ਐਕਟ, ਲੁੱਟ ਖੋਹਾਂ ਅਤੇ ਹੋਰ ਅਪਰਾਧਿਕ ਪਿਛੋਕੜ ਵਾਲੇ ਵਿਅਕਤੀਆਂ ਦੀ ਹਾਜਰੀ ਚੈਕ ਕੀਤੀ ਗਈ ਹੈ, ਉਥੇ ਇਸ ਸਰਚ ਆਪ੍ਰੇਸ਼ਨ ਦੌਰਾਨ ਨਸ਼ਿਆਂ ਦੇ ਧੰਦਿਆਂ ਨਾਲ ਸਬੰਧਤ ਲੋਕਾਂ ਦੇ ਘਰਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਪੁਲਿਸ ਵੱਲੋਂ ਜਿੱਥੇ ਨਸ਼ੇ ਦੇ ਧੰਦਿਆਂ ਨਾਲ ਜੁੜੇ ਲੋਕਾਂ ਦੀ ਪ੍ਰੋਪਰਟੀ ਅਟੈਚ ਕਰਵਾਈ ਜਾ ਰਹੀ ਹੈ, ਉਥੇ ਲੋਕਾਂ ਦੀਆਂ ਜਾਨਾਂ ਨਾਲ ਖੇਡਕੇ ਪੈਸੇ ਕਮਾਉਣ ਅਤੇ ਲਾਸ਼ਾਂ ਦਾ ਵਪਾਰ ਕਰਨ ਵਾਲੇ ਨਸ਼ੇ ਦੇ ਸੌਦਾਗਰਾਂ ਨੂੰ ਕਦੇ ਵੀ ਬਖ਼ਸ਼ਿਆ ਨਹੀਂ ਜਾਵੇਗਾ।

ਉਨਾਂ ਕਿਹਾ ਕਿ ਪੁਲਿਸ ਦੀ ਕੋਈ ਵੀ ਮੁਹਿੰਮ ਲੋਕਾਂ ਦੇ ਸਹਿਯੋਗ ਤੋਂ ਬਗੈਰ ਮੁਕੰਮਲ ਨਹੀਂ ਹੁੰਦੀ, ਜਿਸ ਲਈ ਲੋਕਾਂ ਦੇ ਸੁਝਾਵਾਂ ਦੇ ਨਾਲ-ਨਾਲ ਲੋਕ ਲਹਿਰ ਖੜੀ ਕਰਨ ਦੀ ਲੋੜ ਹੈ। ਉਨਾਂ ਕਿਹਾ ਕਿ ਪੁਲਿਸ ਦੀ ਚੈਕਿੰਗ ਦੇ ਘਰੋਂ ਕੁੱਝ ਵਿਅਕਤੀ ਆਪਣੇ ਘਰ ਛੱਡਕੇ ਖਿਸਕ ਗਏ ਹਨ, ਪਰ ਅਜਿਹੇ ਲੋਕ ਵਿਸ਼ੇਸ ਤੌਰ 'ਤੇ ਪੁਲਿਸ ਰਾਡਾਰ 'ਤੇ ਹਨ, ਜਿਨਾਂ ਦੀ ਮੁਕਾਮੀ ਪੁਲਿਸ ਵੱਲੋਂ ਵਿਸ਼ੇਸ ਚੈਕਿੰਗ ਕੀਤੀ ਜਾਵੇਗੀ।
ਥਾਣਾ ਸਿਟੀ ਧੂਰੀ ਦੇ ਐਸ.ਐਚ.ਓ ਹਰਜਿੰਦਰ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਵੱਲੋਂ ਅੱਜ ਕੀਤੀ ਗਈ ਤਲਾਸ਼ੀ ਮੁਹਿੰਮ ਦੌਰਾਨ ਤਿੰਨ ਵਿਅਕਤੀਆਂ ਕੋਲੋ ਕ੍ਰਮਵਾਰ 15 ਬੋਤਲਾਂ, 24 ਬੋਤਲਾਂ ਸ਼ਰਾਬ ਅਤੇ 4 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਕਰਕੇ ਮੁਲਜਮਾਂ ਖਿਲਾਫ਼ ਆਬਕਾਰੀ ਅਤੇ ਨਸ਼ਾ ਐਕਟ ਅਧੀਨ ਮੁੱਕਦਮੇ ਦਰਜ਼ ਕੀਤੇ ਜਾ ਰਹੇ ਹਨ ਅਤੇ ਪੁਲਿਸ ਵੱਲੋਂ 8 ਸ਼ੱਕੀ ਵਹੀਕਲਾਂ, 5 ਮੋਬਾਇਲਾਂ ਅਤੇ ਇੱਕ ਲੈਪਟਾਪ ਬਰਾਮਦ ਕੀਤਾ ਗਿਆ ਹੈ, ਜਿੰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ। ਇਸ ਮੌਕੇ ਐਸ.ਪੀ ਮਨਦੀਪ ਸਿੰਘ ਥਿੰਦ, ਡੀ.ਐਸਪੀ ਧੂਰੀ ਯੋਗੇਸ਼ ਸ਼ਰਮਾ, ਡੀਐਸਪੀ ਪਰਮਿੰਦਰ ਸਿੰਘ, ਰੁਪਿੰਦਰ ਕੌਰ ਬਾਜਵਾ, ਪਰਮਿੰਦਰ ਸਿੰਘ ਗਰੇਵਾਲ, ਪਲਵਿੰਦਰ ਸਿੰਘ, ਸੀਆਈਏ ਇੰਚਾਰਜ ਦੀਪਇੰਦਰਪਾਲ ਸਿੰਘ ਜੇਜੀ, ਐਸ.ਐਚ.ਓ ਹਰਜਿੰਦਰ ਸਿੰਘ ਢਿੱਲੋਂ ਸਮੇਤ ਵੱਡੀ ਗਿਣਤੀ ਵਿੱਚ ਪੁਲਿਸ ਫੋਰਸ ਹਾਜਰ ਸੀ



# ਹਲਕਾ ਸ਼ੁਤਰਾਣਾ ਤੋਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵਲੋਂ ਦਫ਼ਤਰ ਵਿਖੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ



**ਪਾਤੜਾਂ**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਹਲਕਾ ਸ਼ੁਤਰਾਣਾ ਤੋਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵਲੋਂ ਆਪਣੇ ਦਫਤਰ ਵਿਖੇ ਲੋਕਾਂ ਦੀਆਂ ਸਮੱਸਿਆਂਵਾਂ ਸੁਣੀਆਂ ਜਿੱਥੇ ਲੋਕ ਆਪਣੀਆਂ ਸਮੱਸਿਆਵਾਂ ਲੈਕੇ ਆਏ ਜਿਨ੍ਹਾਂ ਦਾ ਮੌਕੇ ਤੇ ਹੀ ਨਿਪਟਾਰਾ ਕੀਤਾ ਗਿਆ ।ਇਸ ਮੌਕੇ ਤੇ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਲੋਕਾਂ ਨੇ ਆਮ ਆਦਮੀ ਪਾਰਟੀ ਤੇ ਭਰੋਸਾ ਕਰਕੇ ਪੰਜਾਬ ਚ ਆਪਣੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਹੈ ਹੁਣ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਵਾਉਣ ਲਈ ਇੰਤਜ਼ਾਰ ਕਰਨ ਦੀ ਲੋੜ ਨਹੀਂ ਪੈਂਦੀ ਕੰਮ ਪਹਿਲ ਦੇ ਆਧਾਰ ਤੇ ਕੀਤੇ ਜਾਣਗੇ ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਲਈ ਹੀ ਕੰਮ ਕਰ ਰਹੀ ਹੈ ਹਲਕੇ ਦੇ ਲੋਕਾਂ ਨੇ ਮੈਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਹੈ ਮੈਂ ਲੋਕਾਂ ਦੀ ਸੇਵਾ ਲਈ ਸਦਾ ਹਾਜ਼ਰ ਰਹਾਂਗਾ। ਵਿਧਾਇਕ ਕੁਲਵੰਤ ਸਿੰਘ ਨੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਨਵੀਂ ਚੁਣੀ ਕੈਵਿਨਟ ਚ ਚੁਣੇ ਗਏ ਵਿਧਾਇਕਾਂ ਨੂੰ ਮੁਬਾਰਕਾਂ ਦਿੰਦਾਂ ਹਾਂ ਆਸ ਕਰਦੇ ਹਾਂ ਕਿ ਸਾਡੇ ਨਵੇ ਬਣੇ ਮੰਤਰੀ ਲੋਕਾਂ ਦੀਆਂ ਉਮੀਦਾਂ ਤੇ ਖਰੇ ਉਤਰਨਗੇ ਉਨ੍ਹਾਂ ਅੱਗੇ ਕਿਹਾ ਕਿ ਮੈਨੂੰ ਮਾਣ ਹੈ ਕਿ ਮੇਰੇ ਇਲਾਕੇ ਨਾਲ ਸਬੰਧੰਤ ਹਲਕਾ ਸਮਾਨਾ ਤੋਂ ਵਿਧਾਇਕ ਚੈਤਨ ਸਿੰਘ ਜੋੜਾਮਾਜਰਾ ਪੰਜਾਬ ਦੇ ਸਿਹਤ ਮੰਤਰੀ ਬਣੇ ਹਨ ਜਿਨ੍ਹਾਂ ਦੀ ਅਗਵਾਈ ਹੇਠ ਇਲਾਕੇ ਦੇ ਹਸਪਤਾਲਾਂ ਸਿਹਤ ਕੇਂਦਰਾਂ ਦਾ ਸੁਧਾਰ ਕੀਤਾ ਜਾਵੇਗਾ ।ਇਸ ਮੌਕੇ ਨੰਦ ਲਾਲ ਸ਼ਰਮਾ ਘੱਗਾ ਸ਼ਹਿਰੀ ਪ੍ਰਧਾਨ, ਰਿੰਕੂ ਗਰਗ ਪੀ,ਏ, ਹਲਕਾ ਵਿਧਾਇਕ, ਚਮਕੌਰ ਨਾੜੂ ,ਰਾਜ ਘੱਗਾ,ਕਾਲਾ ਬੇਨੀਪਾਲ, ਧਰਮਾਂ ਘੱਗਾ, ਮਹਿੰਗਾ ਸਿੰਘ,ਅਮਰੀਕ ਹਰਿਆਊ ,ਹਰਦੀਪ ਸ਼ਾਹਪੁਰ, ਅਵਤਾਰ ਸਿੰਘ, ਸੁਰਜੀਤ ਸਿੰਘ ਫੋਜੀ, ਰਣਜੀਤ ਸਿੰਘ,ਲਾਡੀ ਜੋੜਾਮਾਜਰਾ ਮਿਠੂ ਸਿੰਘ ਘੱਗਾ ਪਰਮਿੰਦਰ ਪੰਮਾ, ਆਦਿ ਹਾਜ਼ਰ ਸਨ।

# ਗ੍ਰੀਨ ਲਾਇਲ ਕਾਲੋਨੀ ਦੇ ਪਾਰਕ ਵਿੱਚ ਬੂਟੇ ਲਾਉਣ ਦਾ ਕਾਰਜ ਅਰੰਭ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਬੁਹਤ ਜਿਆਦਾ ਪ੍ਰਦੂਸ਼ਣ ਹੋਣ ਕਾਰਨ ਹਵਾ ਬੁਹਤ ਜਿਆਦਾ ਦੁਸਿੰਤ ਹੋ ਰਹੀ ਹੈ ਜਿਸ ਕਾਰਨ ਛੋਟੇ ਬਚਿਆ ਅਤੇ ਬਜੁਰਗ ਨੂੰ ਸਾਹ ਲੈਣ ਔਖਾ ਹੋ ਰਿਹਾ ਹੈ ਇਸ ਨੂੰ ਮੁੱਖ ਰਖਦੇ ਹੋਏ ਮਨਜੀਤ ਸਿੰਘ ਪ੍ਰਧਾਨ ਗ੍ਰੀਨ ਲਾਇਲ ਕਾਲੋਨੀ ਦੇ ਪਾਰਕ ਵਿੱਚ ਬੂਟੇ ਲਾਉਣ ਦਾ ਕਾਰਜ ਅਰੰਭ ਕੀਤਾ ਗਿਆ ਇਸ ਮੌਕੇ ਸੀਨੀਅਰ ਮਹਿਲਾ ਕੌਸਲਰ ਅਮਰਬੀਰ ਕੋਰ ਬੇਦੀ ਵੱਲੋ ਕਾਲੋਨੀ ਦੇ ਪਾਰਕ ਨੂੰ ਹਰਿਆ ਭਰਿਆ ਕਰਨ ਲਈ ਲਾਲ ਚੰਦਨ, ਸਫੈਦ ਚੰਦਨ, ਰੁਕਮਨੀ ਲਾਲ, ਪੂਨੇ ਵਾਲੀ, ਕਨੇਰ ਲਾਲ ਫੁਲਾ ਵਾਲੇ ਅਤੇ ਹੋਰ ਬਹੁਤ ਸਾਰੇ ਬੂਟੇ ਲਗਾਏ ਤੇ ਸਹਿਰ ਵਾਸੀਆ ਨੂੰ ਅਪੀਲ ਕੀਤੀ ਕੇ ਸਹਿਰ ਦਾ ਹਰ ਵਾਸੀ ਪੰਜ ਪੰਜ ਬੂਟੇ ਲਗਾਏ। ਇਸ ਮੋਕੇ ਡਾ ਰਮੇਸ਼ ਦੀਵਾਨ, ਆਨੀਤਾ ਦੀਵਾਨ ਬੈਕ ਮੈਨੇਜਰ, ਮੈਨੂੰ ਗੌਤਮ, ਨੈਸੀ ਸਰਮਾ, ਕਮਲੇਸ਼ ਕੋਰ ਅਤੇ ਹੋਰ ਕਾਲੋਨੀ ਨਿਵਾਸੀ ਹਾਜ਼ਰ ਸਨ।



# ਪੀ.ਐਸ.ਪੀ.ਸੀ.ਐਲ. ਵੱਲੋਂ ਆਪਣੇ ਪੈਨਸ਼ਨਰਾਂ ਲਈ ਹੈਲਪਲਾਈਨ ਦੀ ਸ਼ੁਰੂਆਤ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜਨਤਕ ਸੇਵਾਵਾਂ ਨੂੰ ਆਨਲਾਈਨ ਕਰਕੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਦੇ ਸੰਕਲਪ ਨੂੰ ਅੱਗੇ ਵਧਾਉਂਦਿਆਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਨੇ ਆਪਣੇ ਪੈਨਸ਼ਨਰਾਂ ਲਈ ਸਮਰਪਿਤ ਪੈਨਸ਼ਨ ਹੈਲਪਲਾਈਨ ਦੀ ਸ਼ੁਰੂਆਤ ਕੀਤੀ ਹੈ।

ਆਪਣੇ ਪੈਨਸ਼ਨਰਾਂ ਦੇ ਪੈਨਸ਼ਨ ਕੇਸਾਂ ਨੂੰ ਸਮਾਂਬੱਧ ਢੰਗ ਨਾਲ ਅੰਤਿਮ ਰੂਪ ਦੇਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਉਦੇਸ਼ ਨਾਲ ਸਥਾਪਿਤ ਕੀਤੀ ਗਈ ਇਹ ਹੈਲਪਲਾਈਨ, ਪੀ.ਐਸ.ਪੀ.ਸੀ.ਐਲ. ਪੈਨਸ਼ਨਰਾਂ ਨੂੰ ਖੇਤਰੀ ਦਫ਼ਤਰਾਂ ਵੱਲੋਂ ਡਿਪਟੀ ਸੀ.ਈ.ਓ. ਪੈਨਸ਼ਨ ਅਤੇ ਫ਼ੰਡ ਦਫ਼ਤਰ ਨੂੰ ਭੇਜੇ ਗਏ ਉਨ੍ਹਾਂ ਦੇ ਪੈਨਸ਼ਨ ਕੇਸਾਂ ਦੀ ਸਥਿਤੀ ਬਾਰੇ ਆਸਾਨੀ ਨਾਲ ਜਾਣਕਾਰੀ ਲੈਣ ਲਈ ਟੈਲੀਫ਼ੋਨ ਸੇਵਾਵਾਂ ਪ੍ਰਦਾਨ ਕਰੇਗੀ।

ਹੁਣ ਸੇਵਾਮੁਕਤ ਕਰਮਚਾਰੀ/ਮ੍ਰਿਤਕ ਦੇ ਵਾਰਸ ਆਪਣੇ ਪੈਨਸ਼ਨ ਕੇਸਾਂ ਦੀ ਸਥਿਤੀ ਸਬੰਧੀ ਕਿਸੇ ਵੀ ਜਾਣਕਾਰੀ ਲਈ ਹੈਲਪਲਾਈਨ ਮੋਬਾਈਲ ਨੰਬਰ 9646115517 'ਤੇ ਕਾਲ/ਵੱਟਸਐਪ/ਐਸ.ਐਮ.ਐਸ. ਇੱਕ ਨਿਰਧਾਰਤ ਫ਼ਾਰਮੈਟ, ਜੋ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ 'ਤੇ ਉਪਲਬਧ ਹੈ, ਜ਼ਰੀਏ ਕਰ ਸਕਦੇ ਹਨ।

ਇਸ ਸੇਵਾ ਦਾ ਲਾਭ ਕੰਮਕਾਜੀ ਦਿਨਾਂ ਦੌਰਾਨ ਸਵੇਰੇ 9:00 ਤੋਂ ਸ਼ਾਮ 5:00 ਵਜੇ ਤੱਕ ਲਿਆ ਜਾ ਸਕੇਗਾ। ਹੈਲਪਲਾਈਨ ਅਧਿਕਾਰੀ ਸਬੰਧਤ ਸੇਵਾਮੁਕਤ ਕਰਮਚਾਰੀ/ਮ੍ਰਿਤਕ ਦੇ ਵਾਰਸ ਨੂੰ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਏਗਾ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਬਿਜਲੀ ਮੰਤਰੀ ਸ. ਹਰਭਜਨ ਸਿੰਘ ਨੇ ਦੱਸਿਆ ਕਿ ਪੀ.ਐਸ.ਪੀ.ਸੀ.ਐਲ. ਦੇ ਪੈਨਸ਼ਨਰ ਇਸ ਨੰਬਰ 'ਤੇ ਸੰਪਰਕ ਕਰਕੇ ਤਿੰਨ ਤੋਂ ਚਾਰ ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ ਆਪਣੇ ਸਵਾਲਾਂ ਦੇ ਹੱਲ/ਜਵਾਬ ਪ੍ਰਾਪਤ ਕਰ ਸਕਦੇ ਹਨ। ਹਾਲਾਂਕਿ ਜੇ ਸੇਵਾਮੁਕਤ ਕਰਮਚਾਰੀ/ਮ੍ਰਿਤਕ ਦੇ ਵਾਰਸ ਪੀ.ਐਸ.ਪੀ.ਸੀ.ਐਲ. ਦੇ ਮੁੱਖ ਦਫ਼ਤਰ ਜਾਂ ਪਟਿਆਲਾ ਵਿਖੇ ਸਬੰਧਤ ਪੈਨਸ਼ਨ ਸੈਕਸ਼ਨ ਵਿੱਚ ਪਹੁੰਚ ਕਰਨਾ ਚਾਹੁੰਦੇ ਹਨ ਤਾਂ ਉਹ ਦੁਪਹਿਰ 12:00 ਤੋਂ 1:15 ਵਜੇ ਤੱਕ ਦੇ ਨਿਰਧਾਰਤ ਸਮੇਂ ਆ ਸਕਦੇ ਹਨ।

# ਪਟਿਆਲਾ 'ਚ ਮੀਂਹ ਨੇ ਛਹਿਬਰ ਲਾਈ




**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪਟਿਆਲਾ 'ਚ ਸ਼ਨਿੱਚਰਵਾਰ ਨੂੰ ਪਏ ਮੀਂਹ ਦੌਰਾਨ ਨਾਲ ਲੋਕਾਂ ਨੂੰ ਇਕ ਵਾਰ ਫੇਰ ਗਰਮੀ ਤੋਂ ਰਾਹਤ ਮਿਲੀ ਪਰ ਅੱਜ ਦਾ ਮੀਂਹ ਪਿਛਲੇ ਦਿਨਾ ਨਾਲੋਂ ਨਿਵੇਕਲਾ ਰਿਹਾ। ਸ਼ਹਿਰ ਦੇ ਕਈ ਖੇਤਰਾਂ 'ਚ ਕਣੀ ਵੀ ਨਹੀਂ ਪਈ, ਜਦਕਿ ਇੰਦਰ ਦੇਵਤਾ ਨੇ ਕਈ ਖੇਤਰ ਪੂਰੀ ਤਰ੍ਹਾਂ ਜਲਥਲ ਕਰ ਦਿੱਤੇ। ਅਧਿਕਾਰਤ ਜਾਣਕਾਰੀ ਅਨੁਸਾਰ ਪਟਿਆਲਾ 'ਚ 45 ਐੱਮ.ਐੱਮ. ਬਾਰਸ਼ ਹੋਈ ਜਿਸ ਨਾਲ਼ ਤਾਪਮਾਨ 'ਚ ਵੀ 2.3 ਡਿਗਰੀ ਸੈਲਸੀਅਸ ਦੀ ਗਿਰਾਵਟ ਆਈ। ਮੌਸਮ ਵਿਗਿਆਨੀਆਂ ਨੇ 10 ਜੁਲਾਈ ਨੂੰ ਵੀ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਖੇਤੀ ਮਾਹਰਾਂ ਮੁਤਾਬਿਕ ਇਹ ਮੀਂਹ ਕਿਸਾਨਾਂ ਲਈ ਵਧੇਰੇ ਲਾਹੇਵੰਦ ਹੈ। ਉਨ੍ਹਾਂ ਨੂੰ ਝੋਨੇ ਦੀ ਲਵਾਈ 'ਚ ਵਧੇਰੇ ਕਾਰਗਰ ਸਿੱਧ ਹੋਵੇਗਾ। ਮੀਂਹ ਕਾਰਨ ਬਿਜਲੀ ਦੀ ਮੰਗ ਵੀ ਘਟੀ ਹੈ ਜਿਸ ਤਹਿਤ ਪਾਵਰਕੌਮ ਨੇ ਵੀ ਸੁੱਖ ਦਾ ਸਾਹ ਲਿਆ ਹੈ। ਭਾਵੇਂ ਨਗਰ ਨਿਗਮ ਵੱਲੋਂ ਪਿਛਲੇ ਸਮੇਂ ਦੌਰਾਨ ਬਰਸਾਤੀ ਪਾਣੀ ਦੀ ਨਿਕਾਸੀ ਲਈ ਕੀਤੇ ਗਏ ਪ੍ਰਬੰਧਾਂ 'ਤੇ ਚੋਖਾ ਫੰਡ ਖਰਚ ਕੀਤਾ ਗਿਆ ਹੈ। ਇਸ ਦੇ ਬਾਵਜੂਦ ਹਰ ਵਾਰ ਦੀ ਤਰ੍ਹਾਂ ਹੀ ਐਤਕੀ ਵੀ ਸ਼ਹਿਰ ਵਿਚਲੇ ਨੀਵੇਂ ਖੇਤਰਾਂ ਅਤੇ ਸੁਚੱਜੇ ਢੰਗ ਨਾਲ ਨਾ ਬਣਾਈਆਂ ਗਈਆਂ ਸੜਕਾਂ 'ਤੇ ਵੀ ਪਾਣੀ ਭਰਿਆ ਰਿਹਾ। ਭਾਵੇਂ ਬਹੁਤੀਆਂ ਥਾਵਾਂ ਤੋਂ ਤਾਂ ਪਾਣੀ ਮੀਂਹ ਹਟਣ ਮਗਰੋਂ ਉਤਰ ਗਿਆ ਸੀ, ਪਰ ਕਈ ਸੜਕਾਂ 'ਤੇ ਮੀਂਹ ਤੋਂ ਬਾਅਦ ਵੀ ਪਾਣੀ ਖੜ੍ਹਾ ਸੀ।

# ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦਾ ਹੋਇਆ ਪਲੇਠਾ ਇਜਲਾਸ




ਸੁਨਾਮ ਊਧਮ ਸਿੰਘ ਵਾਲਾ
-ਰੋਜ਼ਾਨਾ ਸਵੇਰਾ-

ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਪਲੇਠਾ ਇਜਲਾਸ ਸਥਾਨਕ ਦਿ ਔਕਸਫੋਰਡ ਇੰਟਰਨੈਸ਼ਨਲ ਸਕੂਲ ਵਿਖੇ ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਵੱਲੋਂ ਕਰਵਾਇਆ ਗਿਆ । ਇਜਲਾਸ ਦਾ ਉਦਘਾਟਨ ਸੁਨਾਮ ਊਧਮ ਸਿੰਘ ਵਾਲਾ ਦੇ ਸੱਚੇ ਸੁੱਚੇ ਸਮਾਜ ਸੇਵੀ ਸ੍ਰੀ ਬਿਰਜ ਲਾਲ ਜੀ ਨੇ ਸ਼ਹੀਦ ਦੀ ਫੋਟੋ ਦੇ ਹਾਰ ਪਹਿਨਾ ਕੇ ਕੀਤਾ। ਉਹਨਾਂ ਨੇ ਮੰਚ ਦੇ ਵਿਚਾਰਾਂ ਅਤੇ ਮੰਚ ਵੱਲੋਂ ਕੀਤੀਆਂ ਜਾਂਦੀਆਂ ਸਰਗਰਮੀਆਂ ਦੀ ਸਲਾਘਾ ਕੀਤੀ। ਇਜਲਾਸ ਨੂੰ ਚਾਰ ਸੈਸਨਾਂ ਵਿੱਚ ਵੰਡਿਆ ਗਿਆ ਸੀ।ਨਾਟਕ, ਫਿਲਮਾਂ ਬਣਾਉਣ ਦੇ ਉਦੇਸ਼ ਨਾਲ ਕਲਾਕਾਰਾਂ ਅਤੇ ਨਿਰਮਾਤਾਵਾਂ ਨਾਲ ਤਾਲਮੇਲ ਕੀਤਾ ਜਾਵੇਗਾ।

ਮੰਚ ਵੱਲੋਂ ਊਧਮ ਸਿੰਘ ਨੂੰ ਭਾਈਚਾਰਕ ਏਕਤਾ ਦੇ ਪ੍ਰਤੀਕ ਵੱਲੋਂ ਪ੍ਰਚਾਰਿਆ ਜਾਵੇਗਾ। ਕਿਉਂਕਿ ਉਸਨੇ ਆਪਣਾ ਨਾਂ ਹਿੰਦੂ, ਮੁਸਲਿਮ ਅਤੇ ਸਿੱਖ ਏਕਤਾ ਦੇ ਪ੍ਰਤੀਕ ਵਜੋਂ ਮੁਹੰਮਦ ਸਿੰਘ ਆਜ਼ਾਦ ਰੱਖਿਆ।

ਮੰਚ ਨੇ ਇਜਲਾਸ ਦੌਰਾਨ ਸੁਨਾਮ ਦੇ ਬੱਸ ਸਟੈਂਡ ਦੀ ਹਾਲਤ ਸੁਧਾਰਨ ਅਤੇ ਰੇਲਵੇ ਸਟੇਸ਼ਨ ਤੇ ਸਾਰੀਆਂ ਲੰਬੇ ਰੂਟ ਦੀ ਗੱਡੀਆਂ ਦੇ ਠਹਿਰਾਅ ਦੀ ਮੰਗ ਵੀ ਦੁਹਰਾਈ।

ਇਜਲਾਸ ਦੇ ਹਾਲ ਨੂੰ ਵੱਖ-ਵੱਖ ਸਲੋਗਨ ਅਤੇ ਫਲੈਕਸਾਂ ਨਾਲ ਸ਼ਿੰਗਾਰਿਆ ਗਿਆ ਸੀ। ਵੱਖ-ਵੱਖ ਸ਼ੈਸ਼ਨਾਂ ਵਿੱਚ ਸ਼੍ਰੀ ਦਵਿੰਦਰ ਸਿੰਘ, ਸ਼੍ਰੀ ਪਵਨ ਕੁਮਾਰ, ਸ਼੍ਰੀ ਮਿੱਠੂ ਸਿੰਘ, ਦਰਸ਼ਨ ਸਿੰਘ ਸੰਪੂਰਨ ਛਾਜਲੀ, ਗੁਰਮੇਲ ਸਿੰਘ ਨੇ ਪ੍ਰਧਾਨਗੀ ਮੰਡਲ ਦੀ ਭੂਮਿਕਾ ਨਿਭਾਈ। ਸ਼੍ਰੀ ਕੁਲਦੀਪ ਸਿੰਘ ਬੱਸੀ, ਗਗਨਦੀਪ ਛਾਜਲੀ, ਪਰਮਿੰਦਰ ਸਿੰਘ, ਪਦਮ ਕੁਮਾਰ, ਵਿਪਨ ਕੁਮਾਰ, ਜੁਝਾਰ ਸਿੰਘ ਨੇ ਇਜਲਾਸ ਦੀ ਸਫਲਤਾ ਲਈ ਭਰਭੂਰ ਸਹਿਯੋਗ ਦਿੱਤਾ॥ ਇਜਲਾਸ ਵਿੱਚ ਹਾਜ਼ਰ ਸਾਰੇ ਮੈਂਬਰਾਂ ਵੱਲੋਂ ਸ਼ਹੀਦ ਦੀ ਸੋਚ ਤੇ ਪਹਿਰੇ ਦਿੰਦੇ ਹੋਏ ਲਏ ਗਏ ਫੈਸਲਿਆਂ ਨੂੰ ਤਨਦੇਹੀ ਨਾਲ ਲਾਗੂ ਕਰਨ ਦਾ ਅਹਿਦ ਲੈਂਦੇ ਹੋਏ ਇਜਲਾਸ ਦੀ ਸਮਾਪਤੀ ਕੀਤੀ।

। ਮੰਚ ਨੇ ਇਜਲਾਸ ਵਿੱਚ ਨਿਰਣਾ ਲਿਆ ਕਿ ਸ਼ਹੀਦ ਊਧਮ ਸਿੰਘ ਦੀ ਸਹੀ ਸੋਚ ਨੂੰ ਉਭਰਿਆ ਜਾਵੇਗਾ, ਸ਼ਹੀਦ ਨੂੰ ਕੌਮੀ ਸ਼ਹੀਦ ਦਾ ਦਰਜਾ ਦੇਣਾ, ਦੇਸ਼ ਵਿਦੇਸ਼ ਚ ਸ਼ਹੀਦ ਸਬੰਧੀ ਵਸਤਾਂ ਨੂੰ ਮਿਊਜ਼ੀਅਮ ਵਿੱਚ ਰੱਖਣਾ, ਅਸਲੀ ਫੋਟੋ ਵਾਲੀ ਡਾਕ ਟਿਕਟ ਜਾਰੀ ਕਰਨਾ, ਅਸਲੀ ਫੋਟੋ ਨਾਲ ਮੇਲ ਖਾਂਦੇ ਬੁੱਤ ਲਗਵਾਉਣਾ, ਸ਼ਹੀਦ ਦੇ ਨਾ ਤੇ ਬਣੀਆਂ ਸੰਸਥਾਵਾਂ ਜਿਵੇਂ ਕਿ ਲਾਇਬੇਰੀ, ਸਕੂਲ, ਕਾਲਜ, ਹਸਪਤਾਲ, ਆਈ.ਟੀ.ਆਈ. ਸਟੇਡੀਅਮ ਆਦਿ ਨੂੰ ਸੁਚੱਜੇ ਢੰਗ ਨਾਲ ਸੰਭਾਲਣ ਲਈ ਸਰਕਾਰ ਤੋਂ ਮੰਗ ਕੀਤੀ ਜਾਵੇਗੀ।

# ਥੋੜੀ ਬਰਸਾਤ ਨਾਲ ਹੀ ਸੀਵਰੇਜ ਦਾ ਓਵਰ ਫਲੋ ਗੰਦਾ ਪਾਣੀ, ਅਮਲੋਹ ਸਹਿਰ ਵਾਸੀਆਂ ਲਈ ਕਰਦਾਂ ਵੱਡੀ ਸਮੱਸਿਆ ਪੈਦਾ : ਰਾਜੂ ਖੰਨਾ

ਅਮਲੋਹ,
-ਰੋਜ਼ਾਨਾ ਸਵੇਰਾ-

ਭਾਵੇਂ ਕਿ ਪਿਛਲੇ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਅਮਲੋਹ ਸਹਿਰ ਵਾਸੀਆਂ ਦੀ ਗੰਦੇ ਪਾਣੀ ਦੀ ਸਮੱਸਿਆ ਨੂੰ ਲੋਕ ਕਰੋੜਾਂ ਰੁਪਏ ਦੀ ਲਾਗਤ ਨਾਲ ਮੁਕੰਮਲ ਸੀਵਰੇਜ ਤਾ ਪਾ ਦਿੱਤਾ ਗਿਆ ਸੀ।ਪਰ ਮੌਜੂਦਾ ਸਮੇਂ ਥਾ ਥਾ ਤੋਂ ਸੀਵਰੇਜ ਬਲਾਕ ਹੋਣ ਕਾਰਨ ਅਮਲੋਹ ਸਹਿਰ ਦੇ ਵਾਸੀ ਗੰਦੇ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਹਨ। ਨਗਰ ਕੌਂਸਲ ਅਮਲੋਹ ਤੇ ਪ੍ਰਸਾਸਨ ਇਸ ਸੀਵਰੇਜ ਨੂੰ ਅਜੇ ਤੱਕ ਸਾਫ ਨਹੀ ਕਰਵਾ ਸਕਿਆ। ਤੇ ਥੋੜੀ ਜਿਹੀ ਬਰਸਾਤ ਕਾਰਨ ਹੀ ਸੀਵਰੇਜ ਓਵਰ ਫਲੋ ਹੋਣ ਕਾਰਨ ਸਹਿਰ ਵਾਸੀਆਂ ਨੂੰ ਗੰਦੇ ਪਾਣੀ ਕਾਰਨ ਸੰਤਾਪ ਭੋਗਣ ਲਈ ਮਜਬੂਰ ਹੋਣਾ ਪੈਦਾ ਹੈ।ਇਸ ਗੱਲ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਅੱਜ ਮਾਮੂਲੀ ਬਰਸਾਤ ਕਾਰਨ ਅਮਲੋਹ ਸਹਿਰ ਗੰਦੇ ਪਾਣੀ ਕਾਰਨ ਜਲਥਲ ਹੋਣ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਰਾਜੂ ਖੰਨਾ ਨੇ ਕਿਹਾ ਕਿ ਅਕਾਲੀ ਸਰਕਾਰ ਸਮੇਂ ਸਹਿਰ ਦੀ ਹਰ ਛੋਟੀ ਵੱਡੀ ਸਮੱਸਿਆ ਹੱਲ ਕੀਤੀ ਗਈ ਸੀ।ਜਿਸ ਵਿੱਚ ਪੂਰਾ ਸਹਿਰ ਐਂਟਰਲਾਕਿੰਗ ਕੀਤਾ ਗਿਆ।ਰੌਸਨੀ ਦਾ ਪ੍ਰਬੰਧ ਕੀਤਾ ਗਿਆ। ਸਫਾਈ ਦਾ ਪੂਰਾ ਧਿਆਨ ਰੱਖਿਆ ਗਿਆ।ਪਰ ਜਦੋਂ ਤੋਂ ਨਗਰ ਕੌਂਸਲ ਅਮਲੋਹ ਤੇ ਕਾਂਗਰਸ ਕਾਬਜ ਹੋਈ ਉਹਨਾਂ ਤੋਂ ਸ੍ਰੋਮਣੀ ਅਕਾਲੀ ਦਲ ਵੱਲੋਂ ਕਰਵਾਏ ਗਏ ਵਿਕਾਸ ਕਾਰਜ ਹੀ ਨਹੀਂ ਸੰਭਾਲੇ ਗਏ।



ਭਾਵੇਂ ਕਿ ਹੁਣ ਸਰਕਾਰ ਬਦਲ ਚੁੱਕੀ ਹੈ।ਪਰ ਅਮਲੋਹ ਸਹਿਰ ਦੀਆਂ ਸਮੱਸਿਆਵਾਂ ਗਲੀ ਗਲੀ ਵਾਜਾਂ ਮਾਰ ਰਹੀਆਂ ਹਨ। ਰਾਜੂ ਖੰਨਾ ਨੇ ਕਿਹਾ ਕਿ ਭਾਵੇਂ ਪਿਛਲੇ ਦਿਨਾਂ ਵਿੱਚ ਲੱਖਾਂ ਰੁਪਏ ਦੀ ਲਾਗਤ ਨਾਲ ਸੀਵਰੇਜ ਦੀ ਸਫਾਈ ਕਰਨ ਲਈ ਕੈਬੀ ਮਸੀਨ ਤਾ ਮੰਗਵਾਈ ਗਈ ਪਰ ਉਹ ਸਹਿਰ ਵਾਸੀਆਂ ਲਈ ਚਿੱਟਾ ਹਾਥੀ ਹੀ ਸਾਬਤ ਹੋ ਰਹੀ ਹੈ। ਤੇ ਉਹ ਕੈਬੀ ਮਸੀਨ ਵੀ ਸਹਿਰ ਵਾਸੀਆਂ ਦੇ ਕਿਸੇ ਕੰਮ ਨਹੀਂ ਆ ਰਹੀ। ਜਦੋਂ ਕਿ ਨਗਰ ਕੌਂਸਲ ਨੂੰ ਚਾਹੀਦਾ ਸੀ ਕਿ ਬਰਸਾਤਾਂ ਤੋਂ ਪਹਿਲਾਂ ਹੀ ਸੀਵਰੇਜ ਦੀ ਸਫਾਈ ਕਰਕੇ ਬਲਾਕਿੰਗ ਖੋਲੀ ਜਾਦੀ। ਪਰ ਇਹ ਨਹੀਂ ਹੋ ਸਕੀਆ।ਜਿਸ ਕਾਰਨ ਅੱਜ ਮਾਮਲੀ ਬਰਸਾਤ ਨੇ ਨਗਰ ਕੌਂਸਲ ਅਮਲੋਹ ਦੀ ਪਲ ਖੋਲ ਕੇ ਰੱਖ ਦਿੱਤੀ ਹੈ। ਹਾਲ ਇਹ ਹੈ ਕਿ ਬਾਜਾਰਾਂ ਵਿੱਚ ਬਰਸਾਤ ਕਾਰਨ ਵੱਡੀ ਮਾਤਰਾ ਵਿੱਚ ਪਾਣੀ ਖੜ੍ਹਾ ਹੋ ਜਾਂਦਾ ਹੈ ਜਿਸ ਕਾਰਨ ਦੁਕਾਨਦਾਰਾਂ ਲਈ ਜਿਥੇ ਵੱਡੀ ਸਮੱਸਿਆ ਇਹ ਗੰਦਾ ਪਾਣੀ ਬਣਿਆ ਹੋਇਆ ਹੈ। ਉਥੇ ਪਾਣੀ ਕਾਰਨ ਖਰੀਦਦਾਰ ਵੀ ਦੁਕਾਨਾਂ ਵਿੱਚ ਨਹੀਂ ਆ ਰਿਹਾ।

ਰਾਜੂ ਖੰਨਾ ਨੇ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਅਮਲੋਹ ਸਹਿਰ ਦੇ ਬੰਦ ਪਏ ਸੀਵਰੇਜ ਨੂੰ ਤੁਰੰਤ ਚਲਾਇਆ ਜਾਵੇ ਤੇ ਸਮੱਸਿਆ ਨੂੰ ਹੱਲ ਕੀਤਾ ਜਾਵੇ ਤਾ ਜੋ ਅੱਗੋ ਹੋਣ ਵਾਲੀਆਂ ਬਰਸਾਤਾਂ ਕਾਰਨ ਅਮਲੋਹ ਵਾਸੀਆਂ ਨੂੰ ਕਿਸੇ ਕਿਸਮ ਦੀ ਗੰਦੇ ਪਾਣੀ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਰਾਜੂ ਖੰਨਾ ਨੇ ਕਿਹਾ ਕਿ ਜਦੋਂ ਸੀਵਰੇਜ ਦੀ ਸਮੱਸਿਆ ਸਬੰਧੀ ਨਗਰ ਕੌਂਸਲ ਦੇ ਪ੍ਰਧਾਨ ਨਾਲ ਕਦੇ ਵੀ ਪੱਤਰਕਾਰਾਂ ਵੱਲੋਂ ਗੱਲਬਾਤ ਕੀਤੀ ਜਾਂਦੀ ਹੈ ਤਾ ਉਹਨਾਂ ਦਾ ਜਵਾਬ ਹੁੰਦਾ ਹੈ ਕਿ ਅਨਾਜ ਮੰਡੀ ਅਮਲੋਹ ਪਾਸ ਜੋ ਸੀਵਰੇਜ ਹੋਦ ਬਣਾਏ ਗਏ ਹਨ,ਜੋ ਅੱਗੇ ਪਾਣੀ ਚੁੱਕ ਕਿ ਸੁੱਟਦੇ ਹਨ।ਉਹ ਮੋਟਰਾਂ ਖਰਾਬ ਹਨ ਤੇ ਜਲਦ ਠੀਕ ਕਰਵਾ ਕੇ ਸਮੱਸਿਆ ਹੱਲ ਕਰ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਕੀ ਬਰਸਾਤ ਤੋਂ ਬਾਅਦ ਇਹ ਮੋਟਰਾਂ ਠੀਕ ਹੋਣਗੀਆਂ ਤੇ ਉਦੋਂ ਹੀ ਇਹ ਗੰਦੇ ਪਾਣੀ ਦੀ ਸਮੱਸਿਆ ਹੱਲ ਹੋਵੇਗੀ। ਰਾਜੂ ਖੰਨਾ ਨੇ ਕਿਹਾ ਕਿ ਜੇਕਰ ਅਗਲੇ ਦਿਨਾਂ ਵਿੱਚ ਨਗਰ ਕੌਂਸਲ ਅਮਲੋਹ ਦੇ ਅਧਿਕਾਰੀਆਂ ਵੱਲੋਂ ਸੀਵਰੇਜ ਦੇ ਥਾ ਥਾ ਖੜ ਰਹੇ ਗੰਦੇ ਪਾਣੀ ਦਾ ਹੱਲ ਨਾ ਕੀਤਾ ਗਿਆ ਤਾ ਉਹ ਸਹਿਰ ਵਾਸੀਆਂ ਤੇ ਦੁਕਾਨਦਾਰਾਂ ਨੂੰ ਨਾਲ ਲੈਕੇ ਕਿ ਪੰਜਾਬ ਸਰਕਾਰ,ਨਗਰ ਕੌਂਸਲ ਅਮਲੋਹ ਤੇ ਪ੍ਰਸਾਸਨ ਅਧਿਕਾਰੀਆਂ ਖਿਲਾਫ ਸੰਘਰਸ ਕਰਨ ਲਈ ਮਜਬੂਰ ਹੋਣਗੇ।

# ਨਸ਼ਿਆਂ ਦੀ ਖਰੀਦੋ ਫਰੋਖਤ ਦੇ ਮਾਮਲੇ ਵਿੱਚ ਸ਼ਹਿਰ ਦੀ ਬਦਨਾਮ ਬਸਤੀ ਦੀ ਪੁਲਿਸ ਨੇ ਘੇਰਾਬੰਦੀ ਕਰਕੇ ਕੀਤੀ ਤਲਾਸ਼ੀ

ਧੂਰੀ -ਰੋਜ਼ਾਨਾ ਸਵੇਰਾ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕਾਰਜਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ ਵੱਲੋਂ ਸੂਬੇ ਭਰ ਵਿੱਚ ਨਸ਼ੇ ਦੇ ਖਾਤਮੇ ਲਈ ਵਿੱਢੀ ਮੁਹਿੰਮ ਦੇ ਮੱਦੇਨਜਰ ਅੱਜ ਜਿਲਾ ਪੁਲਿਸ ਵੱਲੋਂ ਨਸ਼ਿਆਂ ਦੀ ਖਰੀਦੋ ਫਰੋਖਤ ਦੇ ਖੇਤਰ ਨਾਲ ਸ਼ਹਿਰ ਦੀ ਬਾਜੀਗਰ ਬਸਤੀ ਦੀ 'ਘੇਰਾਬੰਦੀ ਕਰਕੇ ਤਲਾਸ਼ੀ' ਕੀਤੀ ਗਈ। ਇਸ ਮੌਕੇ ਆਈ.ਜੀ. ਪਟਿਆਲਾ ਰੇਂਜ ਐਮ.ਐਸ ਛੀਨਾ ਅਤੇ ਜਿਲਾ ਪੁਲਿਸ ਮੁਖੀ ਸੰਗਰੂਰ ਮਨਦੀਪ ਸਿੰਘ ਸਿੱਧੂ ਨੇ ਵਿਸ਼ੇਸ ਤੌਰ ਤੇ ਸ਼ਿਰਕਤ ਕੀਤੀ।



ਜਿਲ ਪੁਲਿਸ ਮੁਖੀ ਮਨਦੀਪ ਸਿੰਘ ਸਿੱਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਕਾਰਜਕਾਰੀ ਡੀਜੀਪੀ ਪੰਜਾਬ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸਖ਼ਤ ਹਦਾਇਤਾਂ ਦਿੱਤੀਆਂ ਹੋਈਆਂ ਹਨ ਅਤੇ ਨਸ਼ਿਆਂ ਦਾ ਵਪਾਰ ਕਰਨ ਵਾਲੇ ਲੋਕਾਂ ਨਾਲ ਕਦੇ ਕੋਈ ਢਿੱਲ ਨਹੀਂ ਵਰਤੀ ਜਾਵੇ। ਉਨਾਂ ਕਿਹਾ ਕਿ ਅੱਜ ਇਸ ਚੈਕਿੰਗ ਦੌਰਾਂਨ ਜਿੱਥੇ ਨਸ਼ਿਆਂ, ਅਸਲਾ ਐਕਟ, ਆਬਕਾਰੀ ਐਕਟ, ਲੁੱਟ ਖੋਹਾਂ ਅਤੇ ਹੋਰ ਅਪਰਾਧਿਕ ਪਿਛੋਕੜ ਵਾਲੇ ਵਿਅਕਤੀਆਂ ਦੀ ਹਾਜਰੀ ਚੈਕ ਕੀਤੀ ਗਈ ਹੈ, ਉਥੇ ਇਸ ਸਰਚ ਆਪ੍ਰੇਸ਼ਨ ਦੌਰਾਨ ਨਸ਼ਿਆਂ ਦੇ ਧੰਦਿਆਂ ਨਾਲ ਸਬੰਧਤ ਲੋਕਾਂ ਦੇ ਘਰਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਪੁਲਿਸ ਵੱਲੋਂ ਜਿੱਥੇ ਨਸ਼ੇ ਦੇ ਧੰਦਿਆਂ ਨਾਲ ਜੁੜੇ ਲੋਕਾਂ ਦੀ ਪ੍ਰੋਪਰਟੀ ਅਟੈਚ ਕਰਵਾਈ ਜਾ ਰਹੀ ਹੈ, ਉਥੇ ਲੋਕਾਂ ਦੀਆਂ ਜਾਨਾਂ ਨਾਲ ਖੇਡਕੇ ਪੈਸੇ ਕਮਾਉਣ ਅਤੇ ਲਾਸ਼ਾਂ ਦਾ ਵਪਾਰ ਕਰਨ ਵਾਲੇ ਨਸ਼ੇ ਦੇ ਸੌਦਾਗਰਾਂ ਨੂੰ ਕਦੇ ਵੀ ਬਖ਼ਸਿਆ ਨਹੀਂ ਜਾਵੇਗਾ। ਉਨਾਂ ਕਿਹਾ ਕਿ ਪੁਲਿਸ ਦੀ ਕੋਈ ਵੀ ਮੁਹਿੰਮ ਲੋਕਾਂ ਦੇ ਸਹਿਯੋਗ ਤੋਂ ਬਗੈਰ ਮੁਕੰਮਲ ਨਹੀਂ ਹੁੰਦੀ, ਜਿਸ ਲਈ ਲੋਕਾਂ ਦੇ ਸੁਝਾਵਾਂ ਦੇ ਨਾਲ-ਨਾਲ ਲੋਕ ਲਹਿਰ ਖੜੀ ਕਰਨ ਦੀ ਲੋੜ ਹੈ। ਉਨਾਂ ਕਿਹਾ ਕਿ ਪੁਲਿਸ ਦੀ ਚੈਕਿੰਗ ਦੇ ਘਰੋਂ ਕੁੱਝ ਵਿਅਕਤੀ ਆਪਣੇ ਘਰ ਛੱਡਕੇ ਖਿਸਕ ਗਏ ਹਨ, ਪਰ ਅਜਿਹੇ ਲੋਕ ਵਿਸ਼ੇਸ ਤੌਰ 'ਤੇ ਪੁਲਿਸ ਰਾਡਾਰ 'ਤੇ ਹਨ, ਜਿੰਨਾਂ ਦੀ ਮੁਕਾਮੀ ਪੁਲਿਸ ਵੱਲੋਂ ਵਿਸ਼ੇਸ ਚੈਕਿੰਗ ਕੀਤੀ ਜਾਵੇਗੀ। ਥਾਣਾ ਸਿਟੀ ਧੂਰੀ ਦੇ ਐਸ.ਐਚ.ਓ ਹਰਜਿੰਦਰ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਵੱਲੋਂ ਅੱਜ ਕੀਤੀ ਗਈ ਤਲਾਸ਼ੀ ਮੁਹਿੰਮ ਦੌਰਾਨ ਤਿੰਨ ਵਿਅਕਤੀਆਂ ਕੋਲੋ ਕ੍ਰਮਵਾਰ 15 ਬੋਤਲਾਂ, 24 ਬੋਤਲਾਂ ਸ਼ਰਾਬ ਅਤੇ 4 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਕਰਕੇ ਮੁਲਜਮਾਂ ਖਿਲਾਫ਼ ਆਬਕਾਰੀ ਅਤੇ ਨਸ਼ਾ ਐਕਟ ਅਧੀਨ ਮੁੱਕਦਮੇ ਦਰਜ਼ ਕੀਤੇ ਜਾ ਰਹੇ ਹਨ ਅਤੇ ਪੁਲਿਸ ਵੱਲੋਂ 8 ਸ਼ੱਕੀ ਵਹੀਕਲਾਂ, 5 ਮੋਬਾਇਲਾਂ ਅਤੇ ਇੱਕ ਲੈਪਟਾਪ ਬਰਾਮਦ ਕੀਤਾ ਗਿਆ ਹੈ, ਜਿੰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ। ਇਸ ਮੌਕੇ ਐਸ.ਪੀ ਮਨਦੀਪ ਸਿੰਘ ਥਿੰਦ, ਡੀ.ਐਸਪੀ ਧੂਰੀ ਯੋਗੇਸ਼ ਸ਼ਰਮਾ, ਡੀਐਸਪੀ ਪਰਮਿੰਦਰ ਸਿੰਘ, ਰੁਪਿੰਦਰ ਕੌਰ ਬਾਜਵਾ ਆਦਿ ਹਾਜ਼ਰ ਸਨ।

# ਆਰਪੀਐਫ ਤੇ ਜੀਆਰਪੀ ਸਟਾਫ ਵਲੋਂ ਪੰਜ ਸੋ ਬੂਟੇ ਲਗਾ ਕੇ ਮਨਾਇਆ ਵਣ ਮਹਉਤਸਵ



ਨਾਭਾ,
-ਰੋਜ਼ਾਨਾ ਸਵੇਰਾ-

ਆਰਪੀਐਫ ਅਤੇ ਜੀਆਰਪੀ ਵੱਲੋਂ ਉਚ ਅਧਿਕਾਰੀਆਂ ਦੇ ਨਿਰਦੇਸ਼ਾਂ ਤਹਿਤ ਸਾਂਝਾ ਮੁਹਿੰਮ ਚਲਾਉਂਦੇ ਹੋਏ ਹਫ਼ਤਾਵਾਰੀ ਵਣ-ਮਹਾਉਤਸਵ ਮਨਾਇਆ ਗਿਆ। ਇਸ ਮੁਹਿੰਮ ਤਹਿਤ ਸੁਰੱਖਿਆ ਫੋਰਸਾਂ ਵੱਲੋਂ ਰੇਲਵੇ ਸਟੇਸ਼ਨ ਦੇ ਇਲਾਕੇ ਵਿੱਚ ਫਲਦਾਰ ਤੇ ਛਾਂਦਾਰ 500 ਬੂਟੇ ਲਗਾਏ ਗਏ। ਇਸ ਹਰਿਆਲੀ ਮੁਹਿੰਮ ਦੇ ਅਖੀਰਲੇ ਦਿਨ ਆਰਪੀਐਫ ਇਸਪੈਕਟਰ ਰਾਜਿੰਦਰ ਕੁਮਾਰ ਵਿਸ਼ੇਸ਼ ਤੌਰ ਤੇ ਪਹੁੰਚੇ ਤੇ ਇਸ ਮੁਹਿੰਮ ਦੇ ਆਖਰੀ ਪੜਾਅ ਤਹਿਤ ਰੇਲਵੇ ਸਟੇਸ਼ਨ ਦੇ ਇਲਾਕੇ ਵਿੱਚ ਸਮੇਤ ਸਟਾਫ ਬੂਟੇ ਲਗਾਏ।ਇੰਸਪੈਕਟਰ ਰਾਜਿੰਦਰ ਸਿੰਘ ਨੇ ਕਿਹਾ ਕਿ ਉੱਚ ਅਧਿਕਾਰੀਆਂ ਦੇ ਹੁਕਮਾਂ ਤੇ ਬੂਟੇ ਲਗਾਉਣ ਦੀ ਮੁਹਿੰਮ ਪੂਰੀ ਕੀਤੀ ਗਈ ਹੈ। ਵਾਤਾਵਰਨ ਕਾਫੀ ਦੂਸ਼ਤ ਹੋ ਚੁੱਕਾ ਹੈ ਤੇ ਆਕਸੀਜਨ ਦੀ ਕਮੀ ਵੀ ਹੋ ਰਹੀ ਹੈ।ਇਸ ਕਾਰਨ ਅਗਲੀ ਪੀੜ੍ਹੀ ਨੂੰ ਆਕਸੀਜਨ ਦੀ ਸਹੀ ਮਾਤਰਾ ਦੇਣ ਤੇ ਵਾਤਾਵਰਨ ਵਿੱਚ ਸੁਧਾਰ ਲਈ ਇਹ ਉਪਰਾਲੇ ਸਭ ਨੂੰ ਕਰਦੇ ਹੋਏ ਇਨ੍ਹਾਂ ਬੂਟਿਆਂ ਦੀ ਸਾਂਭ ਸੰਭਾਲ ਵੀ ਜਾਰੀ ਰਖਣੀ ਚਾਹੀਦੀ ਹੈ। ਇਸ ਮੌਕੇ ਜੀਆਰਪੀ ਤੋਂ ਹੌਲਦਾਰ ਗੁਰਵੰਤ ਸਿੰਘ ਅਤੇ ਆਰਪੀਐਫ ਤੇ ਜੀਆਰਪੀ ਤੋਂ ਸਮੂਹ ਸਟਾਫ ਮੌਜੂਦ ਰਹੇ।

# ਪੰਜਾਬ ਪੁਲਿਸ ਦੇ ਡੀਐਸਪੀ ਪੱਧਰ ਦੇ ਅਧਿਕਾਰੀਆਂ ਦੇ ਫੇਰ ਕੀਤੇ ਤਬਾਦਲੇ

## 64 DSP ਬਦਲੇ ; ਪਟਿਆਲਾ ਦੇ DSP ਸਿਟੀ ਫੇਰ ਬਦਲ

## ਸੰਜੀਵ ਸਿੰਗਲਾ ਬਣੇ ਡੀ ਐਸ ਪੀ ਸਿਟੀ 1, ਪਟਿਆਲਾ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਪੰਜਾਬ ਸਰਕਾਰ ਵਲੋਂ 2 ਦਿਨ ਪਹਿਲਾਂ ਹੀ 334 ਡੀਐਸਪੀ ਅਧਿਕਾਰੀਆਂ ਦੇ ਤਬਾਦਲੇ ਕੀਤੇ ਗਏ ਸਨ।

ਉਨ੍ਹਾਂ ਵਿਚੋਂ ਅਜੇ ਤੱਕ ਸ਼ਾਇਦ ਕਈਆਂ ਨੇ ਚਾਰਜ ਵੀ ਨਾ ਛੱਡਿਆ ਤੇ ਸੰਭਾਲਿਆ ਹੋਵੇ। ਸਰਕਾਰ ਵੱਲੋਂ ਅੱਜ ਫੇਰ 64 ਡੀਐਸਪੀ ਬਦਲ ਦਿੱਤੇ ਗਏ ਹਨ। ਇਨ੍ਹਾਂ ਵਿਚ ਕੁਝ ਮੁੜ ਵੀ ਬਦਲੇ ਹਨ ਜਿਨ੍ਹਾਂ ਵਿਚ ਪਟਿਆਲਾ ਦੇ



**ਲਿਸਟ ਦੇਖਣ ਲਈ ਹੇਠਾਂ ਦਿੱਤੇ ਲਿੰਕ ਉੱਤੇ ਕਲਿੱਕ ਕਰ**

ਡੀਐਸਪੀ ਸਿਟੀ -1 ਦਾ ਨਾਂਅ ਵੀ ਸ਼ਾਮਲ ਹੈ।

ਪੂਰੀ ਲਿਸਟ ਦੇਖਣ ਲਈ ਨਿਊਜ਼ਲਾਈਨ ਐਕਸਪ੍ਰੈਸ ਅਖਬਾਰ ਦੀ ਵੈੱਬਸਾਈਟ news lineexpres.com ਉਤੇ ਖ਼ਬਰ ਦੇਖੀ ਜਾ ਸਕਦੀ ਹੈ।

# ਚੰਡੀਗੜ੍ਹ ਸਕੂਲ ਹਾਦਸੇ 'ਚ ਹੀਰਾਕਸ਼ੀ ਦਾ ਹੋਇਆ ਅੰਤਿਮ ਸੰਸਕਾਰ, ਪਰਿਵਾਰ ਦੀ ਹਾਲਤ ਦੇਖ ਕਿਰਨ ਖੇਰ ਵੀ ਹੋਏ ਭਾਵੁਕ



ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਚੰਡੀਗੜ੍ਹ ਦੇ ਸੈਕਟਰ-9 ਸਥਿਤ ਇਕ ਨਿੱਜੀ ਸਕੂਲ 'ਚ ਦਰੱਖ਼ਤ ਡਿੱਗਣ ਕਾਰਨ 16 ਸਾਲਾ ਹੀਰਾਕਸ਼ੀ ਦੀ ਮੌਤ ਹੋ ਗਈ ਸੀ, ਜਿਸ ਦਾ ਅੱਜ ਨਮ ਅੱਖਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ। ਇਸ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਕਾਂਗਰਸ-ਭਾਜਪਾ ਪਾਰਟੀ ਦੇ ਸਿਆਸੀ ਆਗੂ ਵੀ ਉਸ ਨੂੰ ਅੰਤਿਮ ਵਿਦਾਈ ਦੇਣ ਪੁੱਜੇ। ਸ਼ਹਿਰ ਦੀ ਸੰਸਦ ਮੈਂਬਰ ਕਿਰਨ ਖੇਰ ਵੀ ਇਸ ਮੌਕੇ ਪਹੁੰਚੀ ਅਤੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।ਹੀਰਾਕਸ਼ੀ ਦੇ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਸੀ। ਪਰਿਵਾਰ ਦੀ ਹਾਲਤ ਦੇਖ ਕਿਰਨ ਖੇਰ ਸਮੇਤ ਸਭ ਲੋਕ ਭਾਵੁਕ ਹੋ ਗਏ। ਹੀਰਾਕਸ਼ੀ ਦੇ ਮਾਤਾ-ਪਿਤਾ ਦੇ ਹੰਝੂ ਰੁਕਣ ਦਾ ਨਾਂ ਨਹੀਂ ਲੈ ਰਹੇ ਸਨ। ਹੀਰਾਕਸ਼ੀ ਦੇ ਅੰਤਿਮ ਸੰਸਕਾਰ ਮੌਕੇ ਚੰਡੀਗੜ੍ਹ ਦੀ ਮੇਅਰ ਸਰਬਜੀਤ ਕੌਰ ਵੀ ਪੁੱਜੀ। ਲੋਕ ਇਸ ਮੌਕੇ ਗੁੱਸੇ 'ਚ ਨਜ਼ਰ ਆਏ। ਲੋਕਾਂ ਦਾ ਕਹਿਣਾ ਸੀ ਕਿ ਪ੍ਰਸ਼ਾਸਨ ਦੇ ਅਧਿਕਾਰੀ ਹੈਰੀਟੇਜ ਦਰੱਖ਼ਤ ਦੇ ਨਾਂ 'ਤੇ ਇਨ੍ਹਾਂ ਦੀ ਕਟਾਈ ਨਹੀਂ ਕਰਵਾਉਂਦੇ, ਇਸ ਲਈ ਅਜਿਹੇ ਹਾਦਸੇ ਵਾਪਰਦੇ ਹਨ। ਦੱਸਣਯੋਗ ਹੈ ਕਿ ਇਸ ਹਾਦਸੇ 'ਚ ਕੁੱਲ 20 ਸਕੂਲੀ ਵਿਦਿਆਰਥੀ ਜ਼ਖਮੀ ਹੋਏ ਸਨ, ਜਦੋਂ ਕਿ ਹੀਰਾਕਸ਼ੀ ਦੀ ਮੌਤ ਹੋ ਗਈ ਸੀ।

# ਚੋਣ ਵਾਅਦਾ ਪੂਰਾ ਕਰਦਿਆਂ ਮਾਨ ਸਰਕਾਰ ਨਸ਼ਾ ਸਮੱਗਲਰਾਂ ਖ਼ਿਲਾਫ਼ ਕਰ ਰਹੀ ਵੱਡੇ ਪੱਧਰ 'ਤੇ ਕਾਰਵਾਈ : ਰਾਘਵ ਚੱਢਾ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਪੰਜਾਬ 'ਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੇ ਡਰੱਗ ਮਾਫ਼ੀਆ 'ਤੇ ਨਕੇਲ ਕੱਸਣ ਲਈ ਸਖ਼ਤ ਰਵੱਈਆ ਅਖ਼ਤਿਆਰ ਕੀਤਾ ਹੈ। ਸ਼ਨੀਵਾਰ ਨੂੰ ਪੰਜਾਬ ਪੁਲਸ ਨੇ ਕਈ ਪਿੰਡਾਂ ਅਤੇ ਸ਼ਹਿਰਾਂ 'ਚ ਨਸ਼ਾ ਸਮੱਗਲਰਾਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਕਰਕੇ ਡਰੱਗ ਮਾਫ਼ੀਆ ਨਾਲ ਜੁੜੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਡਰੱਗ ਮਾਫ਼ੀਆ ਖਿਲਾਫ਼ ਪੰਜਾਬ ਪੁਲਸ ਦੀ ਕਾਰਵਾਈ ਦੀ ਸ਼ਲਾਘਾ ਕਰਦਿਆਂ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਕਿਹਾ ਕਿ 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਤੋਂ ਬਾਅਦ ਡਰੱਗ ਮਾਫ਼ੀਆ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ਤੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਇਆ ਜਾਵੇਗਾ। ਉਨ੍ਹਾਂ ਦੇ ਵਾਅਦੇ ਨੂੰ ਪੂਰਾ ਕਰਦਿਆਂ ਭਗਵੰਤ ਮਾਨ ਸਰਕਾਰ ਨਸ਼ਾ ਸਮੱਗਲਰਾਂ ਖ਼ਿਲਾਫ਼ ਵੱਡੇ ਪੱਧਰ 'ਤੇ ਕਾਰਵਾਈ ਕਰ ਰਹੀ ਹੈ। ਪੰਜਾਬ ਦੇ ਉੱਚ ਪੁਲਸ ਅਧਿਕਾਰੀ ਖ਼ੁਦ ਵੱਖ-ਵੱਖ ਥਾਵਾਂ 'ਤੇ ਵੱਡੇ ਪੱਧਰ 'ਤੇ ਸਰਚ ਮੁਹਿੰਮ ਚਲਾ ਰਹੇ ਹਨ। ਰਾਘਵ ਚੱਢਾ ਨੇ ਟਵੀਟ ਕੀਤਾ, "ਪੰਜਾਬ ਦੀ ਪਵਿੱਤਰ ਧਰਤੀ ਤੋਂ ਨਸ਼ਿਆਂ ਦੇ ਕੋਹੜ ਨੂੰ ਖ਼ਤਮ ਕਰਨ ਲਈ ਭਗਵੰਤ ਮਾਨ ਸਰਕਾਰ ਦੀ ਵੱਡੀ ਕਾਰਵਾਈ। ਪੰਜਾਬ ਦੇ ਉੱਚ ਪੁਲਸ ਅਧਿਕਾਰੀ ਖ਼ੁਦ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾ ਰਹੇ ਹਨ। ਅਰਵਿੰਦ ਕੇਜਰੀਵਾਲ ਜੀ ਨੇ ਚੋਣਾਂ ਤੋਂ ਪਹਿਲਾਂ ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਦੀ ਗਾਰੰਟੀ ਦਿੱਤੀ ਸੀ। ਨਸ਼ਿਆਂ 'ਤੇ ਮਾਨ ਦਾ ਵਾਰ!" ਰਾਘਵ ਚੱਢਾ ਨੇ ਕਿਹਾ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਹੁਣ ਡਰੱਗ ਮਾਫ਼ੀਆ ਅਤੇ ਪੁਰਾਣੇ ਸਿਆਸਤਦਾਨਾਂ ਦਾ ਗੱਠਜੋੜ ਟੁੱਟ ਗਿਆ ਹੈ। ਨਸ਼ਾ ਸਮੱਗਲਰਾਂ ਨੂੰ ਪੰਜਾਬ ਪੁਲਸ, ਸਿਆਸਤਦਾਨਾਂ ਜਾਂ ਸਰਕਾਰ ਤੋਂ ਕਿਸੇ ਵੀ ਤਰ੍ਹਾਂ ਦੀ ਸਰਪ੍ਰਸਤੀ ਹੁਣ ਨਹੀਂ ਮਿਲ ਰਹੀ। ਆਉਣ ਵਾਲੇ ਸਮੇਂ 'ਚ ਪੰਜਾਬ ਨਸ਼ਾ-ਮੁਕਤ ਸੂਬਾ ਬਣ ਜਾਵੇਗਾ ਅਤੇ ਨਸ਼ਿਆਂ ਦਾ ਗ਼ੈਰ-ਕਾਨੂੰਨੀ ਕਾਰੋਬਾਰ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗਾ।



ਰਾਘਵ ਚੱਢਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਨਸ਼ਿਆਂ ਦਾ ਖੁੱਲ੍ਹੇਆਮ ਗ਼ੈਰ-ਕਾਨੂੰਨੀ ਕਾਰੋਬਾਰ ਹੁੰਦਾ ਸੀ ਕਿਉਂਕਿ ਪੁਲਸ ਅਤੇ ਸਿਆਸੀ ਵਿਅਕਤੀ ਡਰੱਗ ਮਾਫ਼ੀਆ ਨੂੰ ਆਪਣੇ ਨਿੱਜੀ ਸਵਾਰਥਾਂ ਲਈ ਸ਼ਹਿ ਦਿੰਦੇ ਸਨ, ਜਦਕਿ ਆਮ ਆਦਮੀ ਪਾਰਟੀ ਦੀ ਸਰਕਾਰ ਡਰੱਗ ਮਾਫ਼ੀਆ ਖ਼ਿਲਾਫ਼ ਸਖ਼ਤ ਕਾਰਵਾਈ ਕਰ ਰਹੀ ਹੈ।

ਸੀਨੀਅਰ ਆਗੂ ਅਤੇ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਮਾਨ ਸਰਕਾਰ ਪੰਜਾਬ ਨੂੰ ਨਸ਼ਾ-ਮੁਕਤ ਸੂਬਾ ਬਣਾਉਣ ਲਈ ਵਚਨਬੱਧ ਹੈ। ਇਸੇ ਕਰਕੇ ਪੰਜਾਬ ਪੁਲਸ ਡਰੱਗ ਮਾਫ਼ੀਆ ਖ਼ਿਲਾਫ਼ ਲਗਾਤਾਰ ਕਾਰਵਾਈ ਕਰ ਰਹੀ ਹੈ ਅਤੇ ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ 'ਚ ਡੱਕ ਰਹੀ ਹੈ। ਮਾਨ ਸਰਕਾਰ 'ਚ ਨਸ਼ਾ ਵੇਚਣ ਵਾਲਿਆਂ ਅਤੇ ਉਨ੍ਹਾਂ ਨੂੰ ਸੁਰੱਖਿਆ ਜਾਂ ਸਰਪ੍ਰਸਤੀ ਦੇਣ ਵਾਲਿਆਂ ਦੀ ਥਾਂ ਸਿਰਫ਼ ਜੇਲ੍ਹ 'ਚ ਹੀ ਹੋਵੇਗੀ।

# ਸ੍ਰੀਲੰਕਾ: ਲੋਕਾਂ ਦੇ ਦਬਾਅ ਮਗਰੋਂ ਰਾਸ਼ਟਰਪਤੀ ਰਾਜਪਕਸਾ ਵੱਲੋਂ ਅਸਤੀਫਾ ਦੇਣ ਦਾ ਐਲਾਨ



(ਸਫ਼ਾ 1 ਦੀ ਬਾਕੀ)

ਉਨ੍ਹਾਂ ਦੇ ਦਫ਼ਤਰ ਬਾਹਰ ਡੇਰਾ ਲਾਏ ਜਾਣ ਮਗਰੋਂ ਉਨ੍ਹਾਂ ਰਾਸ਼ਟਰਪਤੀ ਭਵਨ ਨੂੰ ਆਪਣਾ ਟਿਕਾਣਾ ਬਣਾ ਲਿਆ ਸੀ। ਉਧਰ ਰਾਸ਼ਟਰਪਤੀ ਗੋਟਾਬਾਯਾ ਸ਼ੁੱਕਰਵਾਰ ਨੂੰ ਹੀ ਰਿਹਾਇਸ਼ ਛੱਡ ਕੇ ਕਿਸੇ ਅਣਦੱਸੀ ਥਾਂ 'ਤੇ ਚਲੇ ਗਏ ਹਨ। ਸੂਤਰਾਂ ਨੇ ਕਿਹਾ ਕਿ ਉਨ੍ਹਾਂ ਦੇ ਟਿਕਾਣੇ ਬਾਰੇ ਕੁਝ ਪਤਾ ਨਹੀਂ ਲੱਗਾ ਹੈ। ਵਾਇਰਲ ਵੀਡੀਓ ਮੁਤਾਬਕ ਵੀਆਈਪੀ ਗੱਡੀਆਂ ਦਾ ਇਕ ਕਾਫ਼ਲਾ ਕੋਲੰਬੋ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚਿਆ ਜਿਥੇ ਸ੍ਰੀਲੰਕਾ ਏਅਰਲਾਈਨਜ਼ ਦਾ ਜਹਾਜ਼ ਖੜ੍ਹਾ ਸੀ। ਇਕ ਹੋਰ ਸੂਤਰ ਅਨੁਸਾਰ ਕੋਲੰਬੋ ਬੰਦਰਗਾਹ 'ਤੇ ਸਮੁੰਦਰੀ ਜਹਾਜ਼ਾਂ 'ਚ ਕੁਝ ਵਿਅਕਤੀ ਸਵਾਰ ਹੋ ਕੇ ਉਥੋਂ ਰਵਾਨਾ ਹੋਏ ਹਨ। ਰਾਸ਼ਟਰਪਤੀ ਰਾਜਪਕਸਾ ਅਤੇ ਪ੍ਰਧਾਨ ਮੰਤਰੀ ਰਨਿਲ ਵਿਕਰਮਸਿੰਘੇ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਧਾਰਮਿਕ ਆਗੂਆਂ, ਸਿਆਸੀ ਪਾਰਟੀਆਂ, ਮੈਡੀਕਲ ਪ੍ਰੈਕਟੀਸ਼ਨਰਾਂ, ਅਧਿਆਪਕਾਂ, ਕਿਸਾਨਾਂ, ਮਛੇਰਿਆਂ ਅਤੇ ਹੋਰ ਜਥੇਬੰਦੀਆ ਨੇ ਅੱਜ ਕੋਲੰਬੋ ਵੱਲ ਮਾਰਚ ਦਾ ਸੱਦਾ ਦਿੱਤਾ ਹੋਇਆ ਸੀ। ਪ੍ਰਦਰਸ਼ਨਕਾਰੀਆਂ ਨੂੰ ਰਾਸ਼ਟਰਪਤੀ ਭਵਨ ਵੱਲ ਜਾਣ ਤੋਂ ਰੋਕਣ ਲਈ ਪੁਲੀਸ ਨੇ ਚੈਥਮ ਸਟਰੀਟ ਅਤੇ ਲੋਟਸ ਰੋਡ 'ਤੇ ਅੱਥਰੂ ਗੈਸ ਦੇ ਗੋਲੇ ਵੀ ਦਾਗੇ ਪਰ ਪ੍ਰਦਰਸ਼ਨਕਾਰੀ ਲਗਾਤਾਰ ਅੱਗੇ ਵਧਦੇ ਰਹੇ। ਅੰਦੋਲਨ 'ਹੋਲ ਕੰਟਰੀ ਟੂ ਕੋਲੰਬੋ' ਦੇ ਪ੍ਰਬੰਧਕਾਂ ਨੇ ਕਿਹਾ ਕਿ ਨੇੜਲੇ ਸ਼ਹਿਰਾਂ ਦੇ ਲੋਕ ਵੀ ਪ੍ਰਦਰਸ਼ਨਕਾਰੀਆਂ ਦਾ ਸਾਥ ਦੇਣ ਲਈ ਕੋਲੰਬੋ ਫੋਰਟ ਪਹੁੰਚ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਉਹ ਰਾਜਪਕਸਾ ਦੇ ਅਸਤੀਫ਼ਾ ਦੇਣ ਤੱਕ ਪਿਛਾਂਹ ਨਹੀਂ ਹਟਣਗੇ। ਇਸ ਤੋਂ ਪਹਿਲਾਂ ਪੁਲੀਸ ਨੇ ਵਕੀਲਾਂ ਦੀਆਂ ਜਥੇਬੰਦੀਆਂ, ਮਨੁੱਖੀ ਅਧਿਕਾਰ ਗੁੱਟਾਂ ਤੇ ਸਿਆਸੀ ਪਾਰਟੀਆਂ ਦੇ ਦਬਾਅ ਹੇਠ ਕੋਲੰਬੋ ਸਮੇਤ ਪੱਛਮੀ ਸੂਬੇ ਦੀਆਂ ਸੱਤ ਡਿਵੀਜ਼ਨਾਂ 'ਚ ਸ਼ੁੱਕਰਵਾਰ ਰਾਤ 9 ਵਜੇ ਤੋਂ ਲਾਇਆ ਗਿਆ ਅਣਮਿੱਥੇ ਸਮੇਂ ਦਾ ਕਰਫਿਊ ਹਟਾ ਲਿਆ ਸੀ। ਸ੍ਰੀਲੰਕਾ 'ਚ ਅਮਰੀਕੀ ਸਫ਼ੀਰ ਜੂਲੀ ਚੰਗ ਨੇ ਮੁਲਕ ਦੀ ਫ਼ੌਜ ਅਤੇ ਪੁਲੀਸ ਨੂੰ ਅਪੀਲ ਕੀਤੀ ਸੀ ਕਿ ਉਹ ਲੋਕਾਂ ਨੂੰ ਸ਼ਾਂਤਮਈ ਪ੍ਰਦਰਸ਼ਨਾਂ ਦੀ ਇਜਾਜ਼ਤ ਦੇਵੇ। ਉਸ ਨੇ ਟਵੀਟ ਕਰਕੇ ਕਿਹਾ ਸੀ ਕਿ ਹਿੰਸਾ ਨਾਲ ਕੋਈ ਹੱਲ ਨਹੀਂ ਨਿਕਲੇਗਾ।

ਸ੍ਰੀਲੰਕਾ ਦਾ ਸਿਆਸੀ ਸੰਕਟ ਸੁਲਝਾਉਣ ਲਈ ਵੱਖ ਵੱਖ ਪਾਰਟੀਆਂ ਨੇ ਸਪੀਕਰ ਮਹਿੰਦਾ ਯਪਾ ਅਬੇਯਵਰਦਨਾ ਨੂੰ ਆਰਜ਼ੀ ਤੌਰ 'ਤੇ ਰਾਸ਼ਟਰਪਤੀ ਦਾ ਅਹੁਦਾ ਸਾਂਬਣ ਦੀ ਅਪੀਲ ਕੀਤੀ ਹੈ। ਸਪੀਕਰ ਵੱਲੋਂ ਰਾਸ਼ਟਰਪਤੀ ਗੋਟਾਬਾਯਾ ਰਾਜਪਕਸਾ ਅਤੇ ਪ੍ਰਧਾਨ ਮੰਤਰੀ ਰਨਿਲ ਵਿਕਰਮਸਿੰਘੇ ਨੂੰ ਆਪਣੇ ਅਹੁਦਿਆਂ ਤੋਂ ਲਾਂਭੇ ਹੋਣ ਲਈ ਕਿਹਾ ਗਿਆ ਹੈ। ਇਸ ਦੌਰਾਨ ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਰਨਿਲ ਵਿਕਰਮਸਿੰਘੇ ਨੇ ਅਸਤੀਫ਼ੇ ਦੀ ਪੇਸ਼ਕਸ਼ ਕੀਤੀ। ਪ੍ਰਧਾਨ ਮੰਤਰੀ ਦੇ ਮੀਡੀਆ ਡਿਵੀਜ਼ਨ ਨੇ ਕਿਹਾ ਕਿ ਸਰਬ ਪਾਰਟੀ ਸਰਕਾਰ ਬਣਨ ਅਤੇ ਸੰਸਦ 'ਚ ਬਹੁਮਤ ਸਾਬਿਤ ਹੋਣ ਮਗਰੋਂ ਉਹ ਅਹੁਦੇ ਤੋਂ ਅਸਤੀਫ਼ਾ ਦੇ ਦੇਣਗੇ। ਉਨ੍ਹਾਂ ਦੇ ਦਫ਼ਤਰ ਨੇ ਕਿਹਾ ਕਿ ਵਿਕਰਮਸਿੰਘੇ ਉਦੋਂ ਤੱਕ ਪ੍ਰਧਾਨ ਮੰਤਰੀ ਅਹੁਦੇ 'ਤੇ ਬਣੇ ਰਹਿਣਗੇ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਉਹ ਵਿਰੋਧੀ ਧਿਰਾਂ ਦੇ ਆਗੂਆਂ ਦੀ ਸਿਫ਼ਾਰਿਸ਼ ਨਾਲ ਸਹਿਮਤ ਹਨ। ਰਾਸ਼ਟਰਪਤੀ ਰਾਜਪਕਸਾ ਦਾ ਅਜੇ ਕੋਈ ਪ੍ਰਤੀਕਰਮ ਨਹੀਂ ਮਿਲਿਆ ਹੈ। ਉਂਜ ਉਨ੍ਹਾਂ ਵਿਕਰਮਸਿੰਘੇ ਰਾਹੀਂ ਦੱਸਿਆ ਸੀ ਕਿ ਪਾਰਟੀ ਆਗੂ ਜੋ ਵੀ ਫ਼ੈਸਲਾ ਲੈਣਗੇ ਉਹ ਉਸ ਤੋਂ ਸਹਿਮਤ ਹੋਣਗੇ। ਕਾਨੂੰਨਘਾੜੇ ਦੁਲਾਸ ਅਲਾਪੱਰੁਮਾ ਨੇ ਟਵੀਟ ਕਰਕੇ ਦੱਸਿਆ ਕਿ ਆਗੂਆਂ ਨੇ ਸੰਸਦ ਦਾ ਇਜਲਾਸ ਇਕ ਹਫ਼ਤੇ ਅੰਦਰ ਸੱਦਣ 'ਤੇ ਸਹਿਮਤੀ ਪ੍ਰਗਟਾਈ ਹੈ ਤਾਂ ਜੋ ਬਹੁਮਤ ਨਾਲ ਨਵੇਂ ਰਾਸ਼ਟਰਪਤੀ ਦੀ ਚੋਣ ਕੀਤੀ ਜਾ ਸਕੇ। ਉਸੇ ਹਫ਼ਤੇ ਸਰਬ ਪਾਰਟੀ ਸਰਕਾਰ ਵੀ ਬਣਾਈ ਜਾਵੇਗੀ।

## ਜੇਕਰ ਤੁਸੀਂ ਆਉਣ ਵਾਲੇ ਦਿਨਾਂ ਵਿੱਚ ਚੰਡੀਗੜ੍ਹ ਜਾ ਰਹੇ ਹੋ ਤਾਂ ਇਹ ਖ਼ਬਰ ਜ਼ਰੂਰ ਪੜ੍ਹ ਲਓ !

### ਚੰਡੀਗੜ੍ਹ ਟਰੈਫਿਕ ਪੁਲਿਸ ਨੇ ਜਾਰੀ ਕੀਤੀ ਕਿਹੜੀ ਐਡਵਾਈਜ਼ਰੀ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਜੇਕਰ ਤੁਸੀਂ ਜਾ ਰਹੇ ਹੋ ਤਾਂ ਤੁਹਾਡੇ ਲਈ ਇਹ ਖ਼ਬਰ ਪੜ੍ਹਨੀ ਬਹੁਤ ਜ਼ਰੂਰੀ ਹੈ। ਸੈਕਟਰ 42/53 ਦੀ ਡਿਵਾਈਡਿੰਗ ਰੋਡ ਤੋਂ ਸੈਕਟਰ 43 ਵੱਲ ਵਿਕਾਸ ਮਾਰਗ 18 ਜੁਲਾਈ ਤੱਕ ਬੰਦ ਰਹੇਗਾ। ਇਸ ਸੰਬੰਧੀ ਚੰਡੀਗੜ੍ਹ ਟਰੈਫਿਕ ਪੁਲੀਸ ਨੇ ਇੱਕ ਐਡਵਾਈਜ਼ਰੀ ਵੀ ਜਾਰੀ ਕੀਤੀ ਹੈ। ਜਾਣਕਾਰੀ ਮੁਤਾਬਕ ਉਕਤ ਮਾਰਗ 'ਤੇ ਕੋਬਲ ਪੱਥਰ ਰੱਖਣ ਦਾ ਕੰਮ ਚੱਲ ਰਿਹਾ ਹੈ।

ਇਹ ਪੱਥਰ ਮਿਡ ਬਲਾਕ ਪੈਦਲ ਕਰਾਸਿੰਗ 'ਤੇ ਲਾਏ ਜਾ ਰਹੇ ਹਨ। ਇਸੇ ਲਈ ਸੈਕਟਰ 42/43/52/53 (ਜੰਕਸ਼ਨ ਨੰਬਰ 58) ਤੋਂ ਸੈਕਟਰ 43/44/51/52 (ਜੰਕਸ਼ਨ ਨੰਬਰ 59) ਨੂੰ ਆਉਣ ਵਾਲੀ ਸੜਕ 18 ਜੁਲਾਈ ਤੱਕ ਬੰਦ ਰਹੇਗੀ। ਚੰਡੀਗੜ੍ਹ ਪ੍ਰਸ਼ਾਸਨ ਨੇ ਆਮ ਲੋਕਾਂ ਨੂੰ ਬਦਲਵੀਆਂ ਸੜਕਾਂ ਅਪਣਾਉਣ ਲਈ ਕਿਹਾ ਹੈ ਤਾਂ ਕਿ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ।

# ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਲਈ ਮਿਲੇਗੀ ਜ਼ਮੀਨ

(ਸਫ਼ਾ 1 ਦੀ ਬਾਕੀ)

ਕਾਨਫ਼ਰੰਸ ਕਰਦਿਆਂ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ ਨੇ ਕਿਹਾ, "ਅਸੀਂ ਪਿਛਲੇ ਇਕ ਸਾਲ ਤੋਂ ਜ਼ਮੀਨ ਲੈਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਹ ਮਾਮਲਾ ਲੋਕ ਸਭਾ ਸਪੀਕਰ, ਉਪ ਰਾਸ਼ਟਰਪਤੀ ਅਤੇ ਕੇਂਦਰੀ ਗ੍ਰਹਿ ਮੰਤਰੀ ਤੱਕ ਲੈ ਕੇ ਜਾਣ ਵਿੱਚ ਮੁੱਖ ਮੰਤਰੀ ਸ੍ਰੀ ਖੱਟਰ ਨੇ ਵੱਡੀ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ, "ਮੌਜੂਦਾ ਇਮਾਰਤ ਵਿੱਚ ਮੰਤਰੀਆਂ ਤੇ ਵਿਧਾਨ ਸਭਾ ਕਮੇਟੀਆਂ ਲਈ ਜਗ੍ਹਾ ਨਹੀਂ ਹੈ। ਇਕ ਵਾਰ ਸਾਨੂੰ ਜ਼ਮੀਨ ਮਿਲ ਜਾਂਦੀ ਹੈ ਤਾਂ ਅਸੀਂ ਜਲਦੀ ਹੀ ਇਮਾਰਤ ਦੀ ਉਸਾਰੀ ਸ਼ੁਰੂ ਕਰ ਦੇਵਾਂਗੇ।" ਇਕ ਸਵਾਲ ਦੇ ਜਵਾਬ ਵਿੱਚ ਸ੍ਰੀ ਗੁਪਤਾ ਨੇ ਕਿਹਾ, "ਵਾਧੂ ਇਮਾਰਤ ਦੀ ਉਸਾਰੀ ਕਰਨ ਦਾ ਮਤਲਬ ਇਹ ਨਹੀਂ ਹੈ ਕਿ ਸੂਬਾ ਵਿਧਾਨ ਸਭਾ ਦੀ ਮੌਜੂਦਾ ਇਮਾਰਤ ਜਿਸ ਵਿੱਚ ਪੰਜਾਬ ਵਿਧਾਨ ਸਭਾ ਵੀ ਹੈ, ਵਿੱਚ ਆਪਣਾ ਹਿੱਸਾ ਛੱਡ ਦੇਵੇਗਾ। ਇਸ ਇਮਾਰਤ ਦੇ ਕਰੀਬ 20 ਕਮਰੇ ਸਾਨੂੰ ਦਿੱਤੇ ਜਾਣੇ ਚਾਹੀਦੇ ਹਨ।" ਉੱਧਰ, ਵਿਧਾਨ ਸਭਾ ਦੀ ਵਾਧੂ ਇਮਾਰਤ ਲਈ ਹਰਿਆਣਾ ਨੂੰ ਚੰਡੀਗੜ੍ਹ ਵਿੱਚ ਜ਼ਮੀਨ ਦੇਣ ਸਬੰਧੀ ਐਲਾਨ ਨਾਲ ਪੰਜਾਬ ਦੀ ਸਿਆਸਤ ਵਿੱਚ ਹਲਚਲ ਪੈਦਾ ਹੋ ਗਈ ਹੈ। ਪੰਜਾਬ ਦੇ ਸਿਆਸੀ ਆਗੂਆਂ ਵੱਲੋਂ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਹੋਣ ਦਾ ਦਾਅਵਾ ਕਰਦਿਆਂ ਹਰਿਆਣਾ ਵਿਧਾਨ ਸਭਾ ਲਈ ਇੱਥੇ ਜ਼ਮੀਨ ਦਿੱਤੇ ਜਾਣ ਦਾ ਵਿਰੋਧ ਕੀਤਾ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਸਬੰਧ ਵਿੱਚ ਟਵੀਟ ਕੀਤਾ, "ਮੇਰੀ ਕੇਂਦਰ ਸਰਕਾਰ ਨੂੰ ਅਪੀਲ ਹੈ ਕਿ ਹਰਿਆਣਾ ਦੀ ਤਰਜ਼ 'ਤੇ ਸਾਡੇ ਪੰਜਾਬ ਲਈ ਵੀ ਆਪਣੀ ਵਿਧਾਨ ਸਭਾ ਬਣਾਉਣ ਵਾਸਤੇ ਚੰਡੀਗੜ੍ਹ ਵਿੱਚ ਜ਼ਮੀਨ ਅਲਾਟ ਕੀਤੀ ਜਾਵੇ...ਲੰਮੇ ਸਮੇਂ ਤੋਂ ਮੰਗ ਹੈ ਕਿ ਪੰਜਾਬ-ਹਰਿਆਣਾ ਹਾਈ ਕੋਰਟ ਨੂੰ ਵੱਖ-ਵੱਖ ਕੀਤਾ ਜਾਵੇ...ਇਸ ਲਈ ਵੀ ਕ੍ਰਿਪਾ ਕਰ ਕੇ ਕੇਂਦਰ ਸਰਕਾਰ ਚੰਡੀਗੜ੍ਹ ਵਿੱਚ ਜ਼ਮੀਨ ਮੁਹੱਈਆ ਕਰਵਾਏ।" ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਉੱਤਰੀ ਖੇਤਰੀ ਕੌਂਸਲ ਦੀ ਮੀਟਿੰਗ ਵਿੱਚ ਪੰਜਾਬ 'ਚ ਦਰਿਆਈ ਪਾਣੀਆਂ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਨਵਾਂ ਜਲ ਟ੍ਰਿਬਿਊਨਲ ਸਥਾਪਤ ਕਰਨ ਦੀ ਵਕਾਲਤ ਕੀਤੀ। ਉਨ੍ਹਾਂ ਸਤਲੁਜ ਯਮੁਨਾ ਲਿੰਕ ਨਹਿਰ (ਐੱਸਵਾਈਐੱਲ) ਦਾ ਵਿਰੋਧ ਕਰਦਿਆਂ ਕਿਹਾ ਕਿ ਪੰਜਾਬ ਕੋਲ ਪਾਣੀ ਦੀ ਇਕ ਵੀ ਬੂੰਦ ਦੂਜੇ ਸੂਬਿਆਂ ਨਾਲ ਸਾਂਝੀ ਕਰਨ ਲਈ ਨਹੀਂ ਹੈ। ਸ੍ਰੀ ਬੈਂਸ ਨੇ ਸਾਲ 1972 ਦੀ ਇੰਡਸ ਕਮਿਸ਼ਨ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਹਰਿਆਣਾ ਪਾਸੋਂ ਯਮੁਨਾ 'ਚੋਂ ਵੀ ਪਾਣੀ ਦਿਵਾਉਣ ਦੀ ਮੰਗ ਉਠਾਈ।

# ਡੀਜੀਪੀ ਗੌਰਵ ਯਾਦਵ ਦੀ ਅਗਵਾਈ ਵਿੱਚ ਪੰਜਾਬ ਪੁਲਿਸ ਨੇ ਸੂਬੇ ਭਰ 'ਚ ਕੀਤੇ ਕਾਰਡਨ ਅਤੇ ਸਰਚ ਆਪਰੇਸ਼ਨ

(ਸਫ਼ਾ 1 ਦੀ ਬਾਕੀ)

ਨਗਰ ਵਿਵੇਕ ਸ਼ੀਲ ਸੋਨੀ ਵੀ ਮੌਜੂਦ ਸਨ।ਡੀਜੀਪੀ ਨੇ ਕਿਹਾ ਕਿ ਅਸੀਂ ਨਸ਼ਾ ਤਸਕਰਾਂ ਅਤੇ ਗੈਂਗਸਟਰਾਂ 'ਤੇ ਸ਼ਿਕੰਜਾ ਕੱਸ ਦਿੱਤਾ ਹੈ ਅਤੇ ਮੈਂ ਅਜਿਹੇ ਸਮਾਜ ਵਿਰੋਧੀ ਅਨਸਰਾਂ ਨੂੰ ਚੇਤਾਵਨੀ ਦਿੰਦੇ ਹਾਂ ਕਿ ਉਹ ਸਵੈ-ਇੱਛਾ ਨਾਲ ਸੂਬੇ ਨੂੰ ਛੱਡ ਦੇਣ, ਨਹੀਂ ਤਾਂ ਪੰਜਾਬ ਪੁਲਿਸ ਉਨ੍ਹਾਂ ਨਾਲ ਸਖ਼ਤੀ ਨਾਲ ਨਜਿੱਠੇਗੀ। ਆਪਰੇਸ਼ਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਨਸ਼ਿਆਂ ਖ਼ਿਲਾਫ਼ ਲੜਾਈ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਗੈਂਗਸਟਰ ਕਲਚਰ ਨੂੰ ਖ਼ਤਮ ਕਰਨਾ, ਅਮਨ-ਕਾਨੂੰਨ ਨੂੰ ਕਾਇਮ ਰੱਖਣਾ ਅਤੇ ਅਪਰਾਧ ਦਾ ਪਤਾ ਲਗਾਉਣਾ ਹੈ। ਉਨ੍ਹਾਂ ਕਿਹਾ ਕਿ ਬੁਨਿਆਦੀ ਪੁਲਿਸਿੰਗ ਜਿਸ ਵਿੱਚ ਸੰਵੇਦਨਸ਼ੀਲ ਥਾਵਾਂ 'ਤੇ ਚੌਕਸੀ ਰੱਖਣਾ ਅਤੇ ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਲਈ ਅਗਾਊਂ ਤਿਆਰੀਆਂ ਕਰਨਾ ਸ਼ਾਮਲ ਹੈ, ਨੂੰ ਮੁੜ ਸੁਰਜੀਤ ਕਰਨ ਦੇ ਨਾਲ-ਨਾਲ ਥਾਣਿਆਂ ਨੂੰ ਅਪਗ੍ਰੇਡ ਵੀ ਕੀਤਾ ਜਾਵੇਗਾ। ਇਸ ਆਪਰੇਸ਼ਨ ਨਾਲ ਇਲਾਕਾ ਨਿਵਾਸੀਆਂ ਨੂੰ ਪਰੇਸ਼ਾਨੀ ਹੋਣ ਸਬੰਧੀ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਇਹ ਆਪਰੇਸ਼ਨ ਨਿਵਾਸੀਆਂ ਦੀ ਸੁਰੱਖਿਆ ਲਈ ਹੀ ਚਲਾਇਆ ਜਾ ਰਿਹਾ ਹੈ ਅਤੇ ਇਸ ਆਪਰੇਸ਼ਨ ਨੂੰ ਚਲਾਉਣ ਤੋਂ ਪਹਿਲਾਂ ਰੈਜ਼ੀਡੈਂਟਸ ਵੈਲਫੇਅਰ ਸੋਸਾਇਟੀਆਂ ਨੂੰ ਵੀ ਭਰੋਸੇ ਵਿੱਚ ਲਿਆ ਗਿਆ ਸੀ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਅਸੀਂ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਇਸ ਆਪਰੇਸ਼ਨ ਦੌਰਾਨ ਘਰ-ਘਰ ਜਾ ਕੇ ਚੈਕਿੰਗ ਕਰਨ ਸਮੇਂ ਹਰੇਕ ਨਿਵਾਸੀ ਨਾਲ ਦੋਸਤਾਨਾ ਅਤੇ ਨਿਮਰਤਾ ਨਾਲ ਪੇਸ਼ ਆਉਣ ਦੀ ਸਖ਼ਤ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਵਸਨੀਕਾਂ ਨੇ ਪੰਜਾਬ ਪੁਲਿਸ ਦੇ ਇਸ ਆਪਰੇਸ਼ਨ ਦੀ ਸ਼ਲਾਘਾ ਵੀ ਕੀਤੀ। ਅਜਿਹੇ ਅਪਰੇਸ਼ਨ ਲੋਕਾਂ ਨਾਲ ਸਿੱਧਾ ਸੰਪਰਕ ਕਾਇਮ ਕਰਦਿਆਂ ਪੁਲਿਸ ਫੋਰਸ ਨੂੰ ਸਰਗਰਮ ਅਤੇ ਲਾਮਬੰਦ ਕਰਨ ਵਿੱਚ ਵੀ ਸਹਾਈ ਹੋਣਗੇ।

# ਵਿਧਾਇਕ ਤੇ ਅਧਿਕਾਰੀਆਂ ਵੱਲੋਂ ਰਜਵਾਹਿਆਂ ਦਾ ਨਿਰੀਖਣ


ਰਜਵਾਹੇ ਦਾ ਨਿਰੀਖਣ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਤੇ ਅਧਿਕਾਰੀ।

ਪਾਤੜਾਂ, -
-ਰੋਜ਼ਾਨਾ ਸਵੇਰਾ-

ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਨਹਿਰੀ ਵਿਭਾਗ ਦੇ ਐਕਸੀਅਨ ਹਰਸ਼ਪ੍ਰੀਤ ਸਿੰਘ ਅਤੇ ਐੱਸਡੀਓ ਹੇਮੰਤ ਘਈ ਸਣੇ ਰਜਵਾਹਿਆਂ ਦਾ ਨਿਰੀਖਣ ਕੀਤਾ। ਇਸ ਮਗਰੋਂ ਉਨ੍ਹਾਂ ਹਦਾਇਤ ਕੀਤੀ ਕਿ ਸਬ ਡਿਵੀਜ਼ਨ ਪਾਤੜਾਂ ਦੇ ਸਮੁੱਚੇ ਰਜਵਾਹਿਆ ਦੀਆਂ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਕਿਸਾਨਾਂ ਨੂੰ ਸਾਉਣੀ ਦੇ ਸੀਜ਼ਨ ਦੌਰਾਨ ਨਹਿਰੀ ਪਾਣੀ ਦੀ ਕੋਈ ਦਿੱਕਤ ਨਾ ਆਵੇ। ਅਣਗਹਿਲੀ ਵਰਤਣ ਵਾਲੇ ਅਧਿਕਾਰੀਆਂ ਜਾਂ ਕਰਮਚਾਰੀਆਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਅਕਾਲੀ, ਭਾਜਪਾ ਅਤੇ ਕਾਂਗਰਸ ਵੱਲੋਂ ਨਹਿਰੀ ਵਿਭਾਗ ’ਚ ਵੱਡੇ ਘੁਟਾਲੇ ਕਰ ਕੇ ਸੂਬੇ ਦੇ ਕਿਸਾਨਾਂ ਦੀ ਪਿੱਠ ’ਚ ਛੁਰਾ ਮਾਰਿਆ ਗਿਆ ਹੈ ਪਰ ਹੁਣ ਭਗਵੰਤ ਮਾਨ ਦੀ ਅਗਵਾਈ ’ਚ ਸੂਬੇ ਅੰਦਰ ਚੱਲ ਰਹੀ ‘ਆਪ’ ਸਰਕਾਰ ਵੱਲੋਂ ਨਹਿਰੀ ਵਿਭਾਗ ’ਚ ਹੋਏ ਘੁਟਾਲੇ ਦੀ ਵਿਜੀਲੈਂਸ ਜਾਂਚ ਕੀਤੀ ਜਾ ਰਹੀ ਹੈ ਤੇ ਜਲਦ ਹੀ ਸਾਰੇ ਦੋਸ਼ੀ ਸ਼ਲਾਖਾਂ ਪਿੱਛੇ ਹੋਣਗੇ।

ਨਹਿਰੀ ਵਿਭਾਗ ਦੇ ਐਕਸੀਅਨ ਹਰਸ਼ਪ੍ਰੀਤ ਸਿੰਘ ਨੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਸਮੇਤ ਇਲਾਕੇ ਦੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਕੁਝ ਦਿਨਾਂ ਅੰਦਰ ਹੀ ਹਲਕਾ ਸ਼ੁਤਰਾਣਾ ਦੇ ਰਜਵਾਹਿਆਂ ਦੀਆਂ ਟੇਲਾਂ ਤੱਕ ਪਾਣੀ ਪਹੁੰਚਾ ਦਿੱਤਾ ਜਾਵੇਗਾ। ਇਸ ਮੌਕੇ ਪ੍ਰੀਤ ਗਿੱਲ ਸੀਨੀਅਰ ਮੀਤ ਪ੍ਰਧਾਨ ਕਾਰ ਡੀਲਰ ਐਸੋਸੀਏਸ਼ਨ ਪਾਤੜਾਂ, ਮਹਿੰਗਾ ਸਿੰਘ ਬਰਾੜ ਪ੍ਰਧਾਨ ਬਲਾਕ ਪਾਤੜਾਂ, ਜੱਗਾ ਖਾਂਗ, ਦਵਿੰਦਰ ਸਿੰਘ ਸੇਲਵਾਲਾ, ਸਰਪੰਚ ਕਰਨੈਲ ਸਿੰਘ ਗੰਗਾਨਗਰ ਦੁਤਾਲ, ਬੂਟਾ ਸਿੰਘ ਵਿਰਕ, ਗਰੀਬੂ ਸਰਪੰਚ ਤੇ ਸਰਪੰਚ ਸੁਨੀਲ ਕੁਮਾਰ ਆਦਿ ਹਾਜ਼ਰ ਸਨ।

# ਸਿਹਤ ਟੀਮ ਵੱਲੋਂ ਮੈਡੀਕਲ ਸਟੋਰਾਂ ਦੀ ਜਾਂਚ


ਮੈਡੀਕਲ ਸਟੋਰ ਦੀ ਜਾਂਚ ਕਰਦੇ ਹੋਏ ਡਰੱਗ ਇੰਸਪੈਕਟਰ ਡਾ. ਕਰੁਣਾ ਤੇ ਪੁਲੀਸ ਅਧਿਕਾਰੀ।

ਘਨੌਰ,
-ਰੋਜ਼ਾਨਾ ਸਵੇਰਾ-

ਸਿਹਤ ਵਿਭਾਗ ਵੱਲੋਂ ਡਰੱਗ ਇੰਸਪੈਕਟਰ ਡਾ. ਕਰੁਣਾ ਅਤੇ ਥਾਣਾ ਘਨੌਰ ਦੇ ਮੁਖੀ ਐੱਸ.ਐੱਚ.ਓ ਸਾਹਿਬ ਸਿੰਘ ਦੀ ਸਾਂਝੀ ਅਗਵਾਈ ਵਿੱਚ ਸਿਹਤ ਵਿਭਾਗ ਦੀ ਟੀਮ ਵੱਲੋਂ ਸਮੇਤ ਪੁਲੀਸ ਪਾਰਟੀ ਵੱਲੋਂ ਪਿੰਡ ਸੀਲ, ਚੱਪੜ, ਭੱਟਮਾਜਰਾ, ਘਨੌਰ ਸਮੇਤ ਇੱਕ ਦਰਜਨ ਪਿੰਡ ਵਿੱਚ ਕੈਮਿਸਟ ਅਤੇ ਮੈਡੀਕਲ ਪ੍ਰੈਕਟੀਸ਼ਨਰਜ਼ ਦੀਆਂ ਦੁਕਾਨਾਂ ਦੀ ਜਾਂਚ ਕੀਤੀ ਗਈ।

ਡਰੱਗ ਇੰਸਪੈਕਟਰ ਮੈਡਮ ਡਾ. ਕਰੁਣਾ ਅਤੇ ਥਾਣਾ ਘਨੌਰ ਦੇ ਇੰਸਪੈਕਟਰ ਸਾਹਿਬ ਸਿੰਘ ਨੇ ਦੱਸਿਆ ਕਿ ਅੱਜ ਦੀ ਚੈਕਿੰਗ ਮੁਹਿੰਮ ਦੌਰਾਨ ਕਿਸੇ ਵੀ ਕੈਮਿਸਟ ਦੀ ਦੁਕਾਨ ਜਾਂ ਮੈਡੀਕਲ ਪ੍ਰੈਕਟੀਸ਼ਨਰਜ਼ ਦੀ ਦੁਕਾਨ ’ਤੇ ਕੋਈ ਵੀ ਪਾਬੰਦੀਸ਼ੁਦਾ ਦਵਾਈ ਜਾਂ ਨਸ਼ੀਲਾ ਪਦਾਰਥ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਦਵਾਈ ਵਿਕਰੇਤਾ ਪਾਬੰਦੀਸ਼ੁਦਾ ਦਵਾਈ ਵੇਚਦਾ ਫੜਿਆ ਗਿਆ ਤਾਂ ਉਸ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਰਸੋਈ ਗੈਸ ਦੀਆਂ ਕੀਮਤਾਂ ਦੇ ਵਾਧੇ ਖਿਲਾਫ਼ ਪ੍ਰਦਰਸ਼ਨ



ਕੇਂਦਰ ਸਰਕਾਰ ਦਾ ਪੁਤਲਾ ਸਾੜਦੇ ਹੋਏ ਮੁਲਾਜ਼ਮ।

ਪਟਿਆਲਾ,
-ਰੋਜ਼ਾਨਾ ਸਵੇਰਾ-

ਵੱਖ ਵੱਖ ਵਿਭਾਗਾਂ ਦੇ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਦੇ ਤੀਜਾ ਤੇ ਚੌਥਾ ਦਰਜਾ ਮੁਲਾਜ਼ਮਾਂ ਨੇ ਕੇਂਦਰ ਸਰਕਾਰ ਵੱਲੋਂ ਰਸੋਈ ਗੈਸ ਸਿਲੰਡਰ ਵਿੱਚ ਕੀਤੇ ਭਾਰੀ ਵਾਧੇ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਸਾੜਿਆ। ਇਸ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਜਾਰੀ ਪੱਤਰ ਦੇ ਹਵਾਲੇ ਰਾਹੀਂ ਸਿੰਜਾਈ ਵਿਭਾਗ ਵੱਲੋਂ ਜਾਰੀ ਪੱਤਰ ਵਿੱਚ ਕਰਮਚਾਰੀਆਂ ਨੂੰ ਕਥਿਤ ਨਿਕੰਮੇ ਕਹਿਣ ਵਾਲਾ ਪੱਤਰ ਵੀ ਸਾੜਿਆ ਗਿਆ। ਮੁਲਾਜ਼ਮ ਆਗੂਆਂ ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ, ਜਗਮੋਹਨ ਨੌਲੱਖਾ, ਮਾਧੋ ਲਾਲ ਰਾਹੀ, ਗੁਰਦਰਸ਼ਨ ਸਿੰਘ ਤੇ ਸੂਰਜ ਪਾਲ ਯਾਦਵ ਨੇ ਕਿਹਾ ਕਿ ਸਰਕਾਰ ਮੁਲਾਜ਼ਮਾਂ ਨੂੰ ਰਾਹਤ ਦੇਣ ਦੀ ਬਜਾਏ ਲਗਾਤਾਰ ਸ਼ੋਸ਼ਣ ਕਰ ਰਹੀ ਹੈ। ਨਹਿਰਾਂ ਤੇ ਦਫ਼ਤਰਾਂ ਵਿੱਚ ਮੁਲਾਜ਼ਮਾਂ ਦੀ ਲਗਾਤਾਰ ਘਾਟ ਵਧ ਰਹੀ ਹੈ।

ਵਿਭਾਗ ਦਾ ਪੁਨਰਗਠਨ ਕਰਕੇ ਹਜ਼ਾਰਾਂ ਅਸਾਮੀਆਂ ਦਾ ਖ਼ਾਤਮਾ ਪਹਿਲੀਆਂ ਸਰਕਾਰਾਂ ਕਰ ਗਈਆਂ ਹਨ। ਜੇਕਰ ਕਾਮਿਆਂ ਨੂੰ ਨਿਕੰਮਾ ਕਹਿਣ ਵਾਲੇ ਪੱਤਰ ਦੀ ਵਾਪਸੀ ਨਾ ਹੋਈ ਤਾਂ ਅਗਲੀ ਪੱਤਰ ਫੂਕ ਰੈਲੀ 13 ਜੁਲਾਈ ਨੂੰ ਭਾਖੜਾ ਮੇਨ ਲਾਈਨ ਸਰਕਲ ਕੰਪਲੈਕਸ ਵਿੱਚ ਕੀਤੀ ਜਾਵੇਗੀ, ਜਿੱਥੇ ਸਰਕਾਰ ਅਤੇ ਵਿਭਾਗ ਨਾਲ ਸਬੰਧਿਤ ਮੰਗਾਂ ਮੁਲਾਜ਼ਮਾਂ, ਕੱਚੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਵਿੱਚ ਆ ਰਹੀ ਖੜੋਤ ਦਾ ਮਾਮਲਾ ਉਠਾਇਆ ਜਾਵੇਗਾ। ਇਸ ਮੌਕੇ ਰਾਮ ਲਾਲ ਰਾਮਾ, ਇੰਦਰਪਾਲ, ਨਾਰੰਗ ਸਿੰਘ, ਪ੍ਰੀਤਮ ਚੰਦ ਠਾਕੁਰ, ਬਲਬੀਰ ਸਿੰਘ, ਹਰਜਿੰਦਰ ਸਿੰਘ, ਉਂਕਾਰ ਸਿੰਘ, ਰਾਮ ਪ੍ਰਸਾਦ ਸਹੋਤਾ, ਅਮਰਜੀਤ ਸਿੰਘ, ਕੁਲਵਿੰਦਰ ਸਿੰਘ, ਰਵਿੰਦਰ ਸੈਣੀ (ਕਾਕਾ), ਹਰਦੀਪ ਸਿੰਘ ਸੈਣੀ ਪ੍ਰਧਾਨ, ਹਰਜੀਤ ਸਿੰਘ ਡਰਾਈਵਰ, ਅਨਿਲ ਕੁਮਾਰ ਡਰਾਈਵਰ ਡਰੇਨਜ਼ ਸਰਕਲ, ਹਰਜੀਤ ਸਿੰਘ ਡਰਾਈਵਰ ਬੀ.ਐੱਮ.ਐੱਲ., ਭਿੰਦਰ ਸਿੰਘ ਭਵਾਨੀਗੜ੍ਹ, ਸੋਨੀ ਸਿੰਘ ਨਦਾਮਪੁਰ, ਗੁਰਦੀਪ ਸਿੰਘ ਆਦਿ ਹਾਜ਼ਰ ਸਨ।

# ਬੀਕੇਯੂ ਰਾਜੇਵਾਲ ਅੱਜ ਤੋਂ ਲਾਵੇਗੀ ਪੰਜਾਬ ’ਚ ਬੂਟੇ


ਮੀਟਿੰਗ ਕਰਦੇ ਹੋਏ ਕਿਸਾਨ ਯੂਨੀਅਨ ਦੇ ਆਗੂ। : ਨਿਊਜ਼ਲਾਈਨ ਐਕਸਪ੍ਰੈਸ

ਦੇਵੀਗੜ੍ਹ,
-ਰੋਜ਼ਾਨਾ ਸਵੇਰਾ-

ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੀ ਮੀਟਿੰਗ ਅਨਾਜ ਮੰਡੀ ਦੁੱਧਨ ਸਾਧਾਂ ਵਿੱਚ ਹੋਈ। ਜਥੇਬੰਦੀ ਵੱਲੋਂ ਇਸ ਦੌਰਾਨ 10 ਜੁਲਾਈ ਤੋਂ ਪੰਜਾਬ ਭਰ ਵਿੱਚ ਬੂਟੇ ਲਗਾਉਣ ਦੀ ਮੁਹਿੰਮ ਚਲਾਉਣ ਦਾ ਫ਼ੈਸਲਾ ਕੀਤਾ ਗਿਆ ਅਤੇ ਅਹੁਦੇਦਾਰਾਂ ਦੀਆਂ ਸਰਕਲ ਵਾਈਜ਼ ਡਿਊਟੀਆਂ ਲਗਾਈਆਂ ਗਈਆਂ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਗੁਰਚਰਨ ਸਿੰਘ ਪਰੌੜ ਨੇ ਕਿਹਾ ਕਿ ਹਰ ਕਿਸਾਨ ਆਪਣੀ ਮੋਟਰ ’ਤੇ ਪੰਜ ਰੁੱਖ ਲਗਾਵੇ। ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਲੇਹਲਾਂ ਨੇ ਕਿਹਾ ਕਿ 5 ਅਗਸਤ ਨੂੰ ਜਥੇਬੰਦੀ ਵੱਲੋਂ ਪੰਜਾਬ ਦੇ ਡੈਮਾਂ ਤੇ ਕੇਂਦਰ ਵੱਲੋਂ ਮਾਰੇ ਜਾ ਰਹੇ ਡਾਕੇ ਵਿਰੁੱਧ ਵੱਡੀ ਰੈਲੀ ਕੀਤੀ ਜਾ ਰਹੀ ਹੈ। ਮੀਟਿੰਗ ਦੌਰਾਨ ਜਥੇਬੰਦੀ ਵਿੱਚ ਬਲਾਕ ਪੱਧਰ ਦੇ ਖ਼ਾਲੀ ਪਏ ਅਹੁਦੇ ਭਰਦਿਆਂ ਇਕਬਾਲ ਸਿੰਘ ਜਲਾਲਾਬਾਦ ਨੂੰ ਖਜ਼ਾਨਚੀ, ਸੁਰਜੀਤ ਸਿੰਘ ਬਹਿਲ ਤੇ ਲਖਬੀਰ ਸਿੰਘ ਮਹਿਤਾਬਗੜ੍ਹ ਨੂੰ ਮੀਤ ਪ੍ਰਧਾਨ, ਅਵਤਾਰ ਸਿੰਘ ਉਲਟਪੁਰ ਤੇ ਜੀਵਨ ਸਿੰਘ ਬ੍ਰਹਮਪੁਰ ਨੂੰ ਸਕੱਤਰ ਬਲਾਕ ਭੁੱਨਰਹੇੜੀ ਨਿਯੁਕਤ ਕੀਤਾ ਗਿਆ। ਮੀਟਿੰਗ ਵਿੱਚ ਭੁਪਿੰਦਰ ਸਿੰਘ ਦੁੱਧਨ, ਅਨੂਪ ਸਿੰਘ ਅਲੀਪੁਰ, ਕਰਮਜੀਤ ਸਿੰਘ ਜਲਾਲਾਬਾਦ, ਮਲਕੀਤ ਸਿੰਘ ਜੁਲਾਹਖੇੜੀ, ਬਲਜੀਤ ਸਿੰਘ ਦੁੱਧਨ, ਰਾਜਿੰਦਰ ਸਿੰਘ ਦੌਲਤਪੁਰ, ਕੁਲਦੀਪ ਸਿੰਘ ਅਲੀਪੁਰ ਆਦਿ ਕਿਸਾਨ ਆਗੂ ਮੌਜੂਦ ਸਨ।

# ਡੇਢ ਕੁਇੰਟਲ ਭੁੱਕੀ ਫੜੀ; ਇੱਕ ਕਾਬੂ, ਦੂਜਾ ਫ਼ਰਾਰ



ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ।

ਸਮਾਣਾ,
-ਰੋਜ਼ਾਨਾ ਸਵੇਰਾ-

ਸੀਆਈਏ ਸਟਾਫ ਨੇ ਨਾਕੇ ਦੌਰਾਨ ਦੋ ਕਾਰ ਸਵਾਰਾਂ ਤੋਂ ਡੇਢ ਕੁਇੰਟਲ ਭੂਕੀ ਬਰਾਮਦ ਕਰ ਕੇ ਇੱਕ ਮੁਲਜ਼ਮ ਨੂੰ ਕਾਬੂ ਕਰ ਲਿਆ, ਜਦੋਂਕਿ ਦੂਜਾ ਮੁਲਜ਼ਮ ਫ਼ਰਾਰ ਹੋ ਗਿਆ। ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਨਿਸ਼ਾਨ ਸਿੰਘ ਵਾਸੀ ਪਿੰਡ ਦਾਬਨ ਖੇੜੀ ਹੋਈ ਹੈ, ਜਦੋਂਕਿ ਗੁਰਸ਼ਰਨ ਸਿੰਘ ਵਾਸੀ ਦਾਬਨ ਖੇੜੀ ਤਹਿਸੀਲ ਗੂਹਲਾ ਜ਼ਿਲ੍ਹਾ ਕੈਥਲ (ਹਰਿਆਣਾ) ਪੁਲੀਸ ਦੀ ਗ੍ਰਿਫਤ ਵਿੱਚੋਂ ਬਾਹਰ ਹੈ। ਦੋਵਾਂ ਖਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸੀਆਈਏ ਸਟਾਫ ਮੁਖੀ ਸੁਰਿੰਦਰ ਭੱਲਾ ਨੇ ਦੱਸਿਆ ਕਿ ਪਿੰਡ ਧਨੇਠਾ-ਜੋੜਾਮਾਜਰਾ ਸੜਕ ’ਤੇ ਨਾਕੇ ਦੌਰਾਨ ਬਾਦਸ਼ਾਹਪੁਰ ਵੱਲੋਂ ਆ ਰਹੀ ਇੱਕ ਕਾਰ ਪੁਲੀਸ ਨੂੰ ਦੇਖ ਕੇ ਕੱਚੇ ਰਸਤੇ ਵੱਲ ਮੁੜ ਗਈ। ਪੁਲੀਸ ਨੇ ਸ਼ੱਕ ਦੇ ਆਧਾਰ ’ਤੇ ਜਦੋਂ ਉਨ੍ਹਾਂ ਦਾ ਪਿੱਛਾ ਕੀਤਾ ਤਾਂ ਅੱਗੇ ਰਸਤਾ ਬੰਦ ਹੋਣ ’ਤੇ ਉਹ ਪੁਲੀਸ ਨੂੰ ਵੇਖ ਕੇ ਕਾਰ ਵਿੱਚੋਂ ਉਤਰ ਕੇ ਦੌੜਨ ਲੱਗੇ। ਪੁਲੀਸ ਨੇ ਪਿੱਛਾ ਕਰਕੇ ਨਿਸ਼ਾਨ ਸਿੰਘ ਨੂੰ ਕਾਬੂ ਕਰ ਲਿਆ। ਕਾਰ ਵਿਚੋਂ 150 ਕਿੱਲੋ ਭੁੱਕੀ ਬਰਾਮਦ ਹੋਈ। ਅਧਿਕਾਰੀ ਨੇ ਦੱਸਿਆ ਕਿ ਨਿਸ਼ਾਨ ਸਿੰਘ ਖ਼ਿਲਾਫ਼ ਪਹਿਲਾਂ ਵੀ ਕਈ ਮਾਮਲੇ ਦਰਜ ਹਨ।

# ਅਧਿਆਪਕ ਦੀ ਕੁੱਟਮਾਰ ਦੇ ਮਾਮਲੇ ’ਚ ਤਿੰਨ ਨਾਮਜ਼ਦ

ਪਾਤੜਾਂ, -
-ਰੋਜ਼ਾਨਾ ਸਵੇਰਾ-

ਸਰਕਾਰੀ ਐਲੀਮੈਂਟਰੀ ਸਕੂਲ ਧੂਹੜ ਦੇ ਮੁੱਖ ਅਧਿਆਪਕ ਵੱਲੋਂ ਪਿੰਡ ਦੇ ਦੋ ਵਿਅਕਤੀਆਂ ਸਮੇਤ ਕੁਝ ਅਣਪਛਾਤਿਆਂ ਖਿਲਾਫ਼ ਕੁੱਟਮਾਰ ਕਰਨ ਅਤੇ ਸਕੂਲ ਦੇ ਸਾਮਾਨ ਦੀ ਭੰਨਤੋੜ ਕੀਤੇ ਜਾਣ ਦੇ ਦੋਸ਼ ਤਹਿਤ ਕੇਸ ਦਰਜ ਕਰਵਾਇਆ ਗਿਆ ਹੈ। ਦੂਜੇ ਪਾਸੇ ਕੇਸ ਵਿੱਚ ਨਾਮਜ਼ਦ ਕੀਤੇ ਨੌਜਵਾਨ ਦੀ ਮਾਂ ਵੱਲੋਂ ਅਧਿਆਪਕ ਉੱਤੇ ਲਗਾਏ ਗਏ ਦੋਸ਼ਾਂ ਕਾਰਨ ਮਾਮਲਾ ਉਲਝ ਗਿਆ ਹੈ।

ਪਿੰਡ ਧੂਹੜ ਦੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਮੁੱਖ ਅਧਿਆਪਕ ਸੁਖਵਿੰਦਰ ਸਿੰਘ ਨੇ ਪੁਲੀਸ ਨੂੰ ਦਿੱਤੇ ਗਏ ਬਿਆਨਾਂ ਵਿੱਚ ਕਿਹਾ ਕਿ ਉਹ ਪਿੰਡ ਦੇ ਹਰਪ੍ਰੀਤ ਸਿੰਘ ਅਤੇ ਰਣਧੀਰ ਸਿੰਘ ਤੇ ਇੱਕ ਹੋਰ ਨਾਮਾਲੂਮ ਵਿਅਕਤੀ ਨੇ ਸਕੂਲ ਅੰਦਰ ਦਾਖਲ ਹੋ ਕੇ ਉਨ੍ਹਾਂ ਨੂੰ ਗਾਲੀ-ਗਲੋਚ ਤੇ ਸਰਕਾਰੀ ਸਾਮਾਨ ਦੀ ਭੰਨ-ਤੋੜ ਕੀਤੀ। ਉਨ੍ਹਾਂ ਦੋਸ਼ ਲਗਾਇਆ ਕਿ ਇਨ੍ਹਾਂ ਵਿਅਕਤੀਆਂ ਨੇ ਕੁੱਟਮਾਰ ਕਰਦਿਆਂ ਉਨ੍ਹਾਂ ਨੂੰ ਜਾਨੋਂ ਮਾਰਨ ਦੀਆ ਧਮਕੀਆਂ ਦਿੱਤੀਆਂ। ਇਸ ਸਬੰਧੀ ਪਾਤੜਾਂ ਪੁਲੀਸ ਨੇ ਅਧਿਆਪਕ ਦੇ ਬਿਆਨਾਂ ਦੇ ਆਧਾਰ ਉੱਤੇ ਕੇਸ ਦਰਜ ਕਰ ਲਿਆ ਹੈ।

ਦੂਜੇ ਪਾਸੇ ਉਕਤ ਕੇਸ ਵਿੱਚ ਸ਼ਾਮਲ ਨੌਜਵਾਨ ਹਰਪ੍ਰੀਤ ਸਿੰਘ ਦੀ ਮਾਂ ਪਰਮਜੀਤ ਕੌਰ ਨੇ ਥਾਣਾ ਪਾਤੜਾਂ ਵਿੱਚ ਪਿੰਡ ਦੀ ਪੰਚਾਇਤ ਦੇ ਲੈਟਰਪੈਡ ’ਤੇ ਕੀਤਾ ਗਿਆ ਸਮਝੌਤਾ ਦਿਖਾਉਂਦਿਆਂ ਕਿਹਾ ਕਿ ਉਸ ਦੇ ਲੜਕੇ ਦਾ ਘਰ ਨਾ ਵਸਣ ਦੇਣ ਬਾਰੇ ਉਹ ਅਧਿਆਪਕ ਨੂੰ ਸਮਝਾਉਣ ਗਿਆ ਸੀ। ਇਸ ’ਤੇ ਮੁੱਖ ਅਧਿਆਪਕ ਨੇ ਡੰਡਿਆਂ ਨਾਲ ਉਸ ਦੀ ਕੁੱਟਮਾਰ ਕੀਤੀ ਹੈ। ਪਰਮਜੀਤ ਕੌਰ ਵੱਲੋਂ ਲਾਏ ਜਾ ਰਹੇ ਦੋਸ਼ਾਂ ਦਾ ਖੰਡਨ ਕਰਦਿਆਂ ਮੁੱਖ ਅਧਿਆਪਕ ਨੇ ਕਿਹਾ ਕਿ ਉਹ ਤਾਂ ਸਿਰਫ ਕਰੋਨਾ ਕਾਲ ਦੌਰਾਨ ਇਨ੍ਹਾਂ ਦੇ ਬੱਚਿਆਂ ਬਾਰੇ ਗੱਲ ਕਰਨ ਲਈ ਇਨ੍ਹਾਂ ਦੇ ਘਰ ਫੋਨ ਕਰਦਾ ਸੀ ਪਰ ਪੰਚਾਇਤ ਸੱਦ ਕੇ ਇਨ੍ਹਾਂ ਵੱਲੋਂ ਕਹੇ ਜਾਣ ਮਗਰੋਂ ਉਨ੍ਹਾਂ ਕਦੇ ਕੋਈ ਫੋਨ ਨਹੀਂ ਕੀਤਾ ਹੈ।

# ਕੱਪੜਾ ਵਪਾਰੀ ਤੋਂ ਹਜ਼ਾਰਾਂ ਰੁਪਏ ਦੀ ਨਕਦੀ ਵਾਲਾ ਬੈਗ ਖੋਹਿਆ

ਰਾਜਪੁਰਾ,
-ਰੋਜ਼ਾਨਾ ਸਵੇਰਾ-



ਇੱਥੋਂ ਦੇ ਰਾਜਪੁਰਾ-ਪਟਿਆਲਾ ਰੋਡ ’ਤੇ ਕੱਲ੍ਹ ਦੇਰ ਰਾਤ ਕਨਿਕਾ ਗਾਰਡਨ ਕਲੋਨੀ ਦੀ ਕੱਪੜਾ ਮਾਰਕੀਟ ਸਾਹਮਣੇ ਦੋ ਅਣਪਛਾਤੇ ਮੋਟਰਸਾਈਕਲ ਸਵਾਰ ਕੱਪੜਾ ਵਪਾਰੀ ਤੋਂ ਹਜ਼ਾਰਾਂ ਰੁਪਏ ਦੀ ਨਕਦੀ ਵਾਲਾ ਬੈਗ ਖੋਹ ਕੇ ਲੈ ਗਏ। ਜਾਣਕਾਰੀ ਅਨੁਸਾਰ ਲੁਧਿਆਣੇ ਦਾ ਕੱਪੜਾ ਵਪਾਰੀ ਰਵੀਇੰਦਰ ਸਿੰਘ ਉਰਫ ਰਾਜਨ ਇੱਥੋਂ ਦੇ ਕਨਿਕਾ ਗਾਰਡਨ ਕਲੋਨੀ ਦੇ ਕੱਪੜਾ ਸ਼ੋਅਰੂਮ ਵਿੱਚ ਆਇਆ ਜਦੋਂ ਉਹ ਸ਼ੋਅਰੂਮ ਦੇ ਬਾਹਰ ਖੜ੍ਹੀ ਆਪਣੀ ਕਾਰ ਵਿੱਚ ਬੈਠਣ ਲੱਗਿਆ ਤਾਂ ਮੋਟਰਸਾਈਕਲ ’ਤੇ ਸਵਾਰ ਹੋ ਕੇ ਆਏ ਦੋ ਨੌਜਵਾਨ ਜਿਨ੍ਹਾਂ ਦੇ ਮੂੰਹ ਕੱਪੜੇ ਨਾਲ ਢਕੇ ਹੋਏ ਸਨ, ਉਸ ਦਾ ਹਜ਼ਾਰਾਂ ਰੁਪਏ ਦੀ ਨਕਦੀ ਸਮੇਤ ਬੈਗ ਖੋਹਣ ਲੱਗੇ ਤਾਂ ਰਾਜਨ ਵੱਲੋਂ ਇਸ ਦਾ ਵਿਰੋਧ ਕਰਨ ’ਤੇ ਝਪਟਮਾਰਾਂ ਨੇ ਉਸ ’ਤੇ ਹਮਲਾ ਕਰ ਦਿੱਤਾ ਅਤੇ ਬੈਗ ਖੋਹ ਕੇ ਫਰਾਰ ਹੋ ਗਏ। ਇਸ ਸਬੰਧੀ ਸੰਪਰਕ ਕਰਨ ’ਤੇ ਥਾਣਾ ਸਿਟੀ ਦੇ ਮੁਖੀ ਹਰਮਨਪ੍ਰੀਤ ਸਿੰਘ ਚੀਮਾ ਨੇ ਦੱਸਿਆ ਕਿ ਵਪਾਰੀ ਰਾਜਨ ਦੇ ਬੈਗ ਵਿੱਚ 12 ਹਜਾਰ ਰੁਪਏ ਦੀ ਨਕਦੀ ਅਤੇ ਕੁਝ ਚੈੱਕ ਸਨ। ਬੈਗ ਖੋਹਣ ਵਾਲਿਆਂ ਨੂੰ ਕਾਬੂ ਕਰਨ ਲਈ ਕੱਪੜੇ ਦੇ ਸ਼ੋਅਰੂਮ ਤੇ ਹੋਰ ਸੜਕ ਨੇੜਲੇ ਸੀ.ਸੀ ਟੀਵੀ ਕੈਮਰਿਆਂ ਨੂੰ ਖੰਗਾਲਿਆ ਜਾ ਰਿਹਾ ਹੈ। ਮੁਲਜਮਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

# ਮਰੀ ਗਾਂ ਨੂੰ ਚੁਕਾਉਣ ਦਾ ਮਾਮਲਾ ਥਾਣੇ ਪੁੱਜਿਆ

ਸਮਾਣਾ,
-ਨਿਊਜ਼ਲਾਈਨ ਐਕਸਪ੍ਰੈਸ-

ਪਿੰਡ ਮਰਦਾਂਹੇੜੀ ਵਿੱਚ ਬੁੱਧਵਾਰ ਦੀ ਰਾਤ ਇੱਕ ਘਰ ਵਿੱਚ ਅਚਾਨਕ ਮਰੀ ਅਮਰੀਕਨ ਗਊ ਨੂੰ ਚੁਕਾਉਣ ਮਾਮਲਾ ਭਖ਼ਣ ਮਗਰੋਂ ਥਾਣੇ ਤੱਕ ਪਹੁੰਚ ਗਿਆ ਹੈ। ਮਵੀ ਪੁਲੀਸ ਚੌਕੀ ਮੁਖੀ ਸਣੇ ਦਰਜਨਾਂ ਮੁਲਾਜ਼ਮਾਂ ਨੇ ਵੀਰਵਾਰ ਰਾਤ ਉੱਚ ਅਫ਼ਸਰਾਂ ਦੀ ਅਗਵਾਈ ਵਿੱਚ ਪਿੰਡ ਮਰਦਾਹੇੜੀ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ, ਤੇ ਮ੍ਰਿਤਕ ਗਊ ਦੇ ਮਾਲਕਾਂ ਨੂੰ ਆਪਣੇ ਨਾਲ ਮਵੀ ਚੌਕੀ ਲਿਆਂਦਾ।

ਜਾਣਕਾਰੀ ਦਿੰਦਿਆਂ ਪਿੰਡ ਦੇ ਸਾਬਕਾ ਸਰਪੰਚ ਬਲਬੀਰ ਸਿੰਘ ਨੇ ਦੱਸਿਆ ਕਿ ਕਰੀਬ ਤਿੰਨ ਦਿਨ ਪਹਿਲਾਂ ਕਲੋਨੀਆਂ ਵਿੱਚ ਭੋਲੀ ਰਾਣੀ ਦੀ ਅਮਰੀਕਨ ਗਾਂ ਦੀ ਮੌਤ ਹੋ ਗਈ ਸੀ। ਗਾਂ ਨੂੰ ਚੁਕਾਉਣ ਲਈ ਉਸ ਨੂੰ ਕੋਈ ਰੇਹੜੀ ਵਾਲਾ ਨਾ ਮਿਲਣ ਕਾਰਨ ਉਥੇ ਬਦਬੂ ਮਾਰਨ ਲੱਗ ਗਈ। ਜਿਸ ਕਾਰਨ ਉਸ ਦੇ ਗੁਆਂਢੀ ਉਨ੍ਹਾਂ ਨਾਲ ਝਗੜ ਪਏ। ਰਾਤ ਸਮੇਂ ਪਿੰਡ ਦੇ ਕਈ ਵਿਅਕਤੀਆਂ ਨੇ ਇਕੱਠੇ ਹੋ ਕੇ ਗਾਂ ਨੂੰ ਦਫ਼ਨਾਉਣ ਦਾ ਫ਼ੈਸਲਾ ਕਰ ਲਿਆ। ਉਸ ਦਾ ਟੋਆ ਘੱਟ ਡੂੰਘਾ ਹੋਣ ਕਾਰਨ ਗਾਂ ਦੀ ਦੇਹ ਮਿੱਟੀ ਵਿੱਚ ਪੂਰੀ ਤਰ੍ਹਾਂ ਲੁਕ ਨਹੀਂ ਸਕੀ, ਜਿਸ ਕਾਰਨ ਆਵਾਰਾ ਕੁੱਤਿਆਂ ਨੇ ਉਸ ਦਾ ਮਾਸ ਨੋਚਣਾ ਸ਼ੁਰੂ ਕਰ ਦਿੱਤਾ। ਜਿਸ ਦੀ ਸ਼ਿਕਾਇਤ ਪਿੰਡ ਦੇ ਨੌਜਵਾਨਾਂ ਨੇ ਮਵੀ ਪੁਲੀਸ ਨੂੰ ਦਿੱਤੀ। ਇਸ ਸਬੰਧੀ ਮਵੀ ਪੁਲੀਸ ਮੁਖੀ ਮਨਜੀਤ ਸਿੰਘ ਨੇ ਦੱਸਿਆ ਕਿ ਇਹ ਗੁਆਂਢੀਆਂ ਦਾ ਆਪਸੀ ਝਗੜਾ ਹੈ, ਜਿਸ ਨੂੰ ਆਪਸੀ ਰਜ਼ਾਮੰਦੀ ਨਾਲ ਸੁਲਝਾ ਲਿਆ ਜਾਵੇਗਾ।

# 11 ਜੁਲਾਈ ਨੂੰ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ

ਮਾਨਸਾ,
-ਰੋਜ਼ਾਨਾ ਸਵੇਰਾ-

ਜ਼ਿਲਾ ਰੋਜ਼ਗਾਰ ਅਫ਼ਸਰ ਸ਼੍ਰੀ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਜ਼ਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਮਾਨਸਾ ਵਿਖੇ 11 ਜੁਲਾਈ 2022 ਨੂੰ ਅਜ਼ਾਈਲ ਹਰਬਲ ਪ੍ਰਾਈਵੇਟ ਲਿਮਟਿਡ (Agile Herbal Private Limited) ਵੱਲੋਂ ਕਸਟਮਰ ਐਗਜ਼ੀਕਿਊਟਿਵ ਦੀ ਭਰਤੀ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਘੱਟੋ-ਘੱਟ ਯੋਗਤਾ 12ਵੀਂ ਪਾਸ ਲੜਕੀਆਂ ਦੀ ਜ਼ਰੂਰਤ ਹੈ, ਜਿਨਾਂ ਦੀ ਉਮਰ ਸੀਮਾ 18 ਤੋਂ 28 ਸਾਲ ਤੱਕ ਹੋਣੀ ਚਾਹੀਦੀ ਹ।ਅਤੇ ਪ੍ਰਾਰਥੀ ਸਰੀਰਕ ਤੌਰ ’ਤੇ ਫਿੱਟ ਹੋਣੇ ਚਾਹੀਦੇ ਹਨ।

# ਡਿਊਟੀ ਵਿੱਚ ਵਿਘਨ; ਪੰਜ ਖ਼ਿਲਾਫ਼ ਕੇਸ ਦਰਜ

ਪਾਤੜਾਂ,
-ਰੋਜ਼ਾਨਾ ਸਵੇਰਾ-

ਪਟਿਆਲਾ ਦੇ ਟਾਂਗਰੀ ਜਲ ਵਿਕਾਸ ਕਮ ਮਾਈਨਿੰਗ ਉਪ ਮੰਡਲ ਅਫਸਰ ਦੀ ਸ਼ਿਕਾਇਤ ’ਤੇ ਪੁਲੀਸ ਨੇ ਅੱਧੀ ਦਰਜਨ ਦੇ ਕਰੀਬ ਵਿਅਕਤੀਆਂ ਖ਼ਿਲਾਫ਼ ਸਰਕਾਰੀ ਕੰਮ ਵਿੱਚ ਵਿਘਨ ਪਾਉਣ ਦੇ ਦੋਸ਼ ਤਹਿਤ ਕੇਸ ਦਰਜ ਕੀਤਾ ਹੈ। ਜ਼ਿਕਰਯੋਗ ਹੈ ਕਿ ਪਿੰਡ ਗੁਲਾਹੜ ਦੇ ਨੀਵੇਂ ਇਲਾਕਿਆਂ ’ਚੋਂ ਬਰਸਾਤੀ ਪਾਣੀ ਦੀ ਨਿਕਾਸੀ ਲਈ ਬਣਾਈਆਂ ਪੁਲ਼ੀਆਂ ਨੂੰ ਕੁਝ ਲੋਕਾਂ ਨੇ ਮਿੱਟੀ ਪਾ ਕੇ ਬੰਦ ਕਰ ਦਿੱਤਾ ਸੀ, ਜਿਨ੍ਹਾਂ ਨੂੰ ਖੋਲ੍ਹਣ ਲਈ ਡਿਊਟੀ ਮੈਜਿਸਟ੍ਰੇਟ ਤਹਿਸੀਲਦਾਰ ਮਨਜੀਤ ਸਿੰਘ ਦੀ ਅਗਵਾਈ ਹੇਠ ਡਰੇਨੇਜ਼ ਤੇ ਪੰਚਾਇਤ ਵਿਭਾਗ ਦੇ ਅਧਿਕਾਰੀ ਮੌਕੇ ’ਤੇ ਪਹੁੰਚੇ। ਇਸੇ ਦੌਰਾਨ ਪਿੰਡ ਦੇ ਕੁਝ ਵਿਅਕਤੀਆਂ ਨੇ ਅਧਿਕਾਰੀਆਂ ਨੂੰ ਪੁਲ਼ੀਆਂ ਖੋਲ੍ਹਣ ਤੋਂ ਰੋਕ ਦਿੱਤਾ। ਮੌਕੇ ’ਤੇ ਹਾਜ਼ਰ ਡਿਊਟੀ ਮੈਜਿਸਟ੍ਰੇਟ ਤੇ ਥਾਣਾ ਮੁਖੀ ਸ਼ੁਤਰਾਣਾ ਨੇ ਸਰਕਾਰੀ ਕੰਮ ਵਿੱਚ ਵਿਘਨ ਨਾ ਪਾਉਣ ਲਈ ਆਖਿਆ ਪਰ ਪਿੰਡ ਵਾਸੀ ਆਪਣੀ ਜ਼ਿੱਦ ’ਤੇ ਅੜੇ ਰਹੇ ਤੇ ਪ੍ਰਸ਼ਾਸਨ ਨੂੰ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ। ਇਸ ’ਤੇ ਸਹਾਇਕ ਜ਼ਿਲ੍ਹਾ ਮਾਈਨਿੰਗ ਅਫਸਰ ਨਿਸ਼ਾਂਤ ਗਰਗ ਨੇ ਸ਼ੁਤਰਾਣਾ ਪੁਲੀਸ ਕੋਲ਼ ਲਿਖਤੀ ਸ਼ਿਕਾਇਤ ਕੀਤੀ। ਥਾਣਾ ਮੁਖੀ ਸ਼ੁਤਰਾਣਾ ਸਬ. ਇੰਸ. ਮੋਹਣ ਸਿੰਘ ਨੇ ਕਿਹਾ ਕਿ ਪੁਲੀਸ ਨੇ ਉਕਤ ਸ਼ਿਕਾਇਤ ਦੇ ਆਧਾਰ ’ਤੇ ਜਿੰਦਰ ਸਿੰਘ, ਅਰਸ਼ਦੀਪ ਸਿੰਘ, ਅਕਾਸ਼ਦੀਪ ਸਿੰਘ, ਸ਼ਿੰਦੋ, ਜਿੰਦੀ ਸਾਰੇ ਵਾਸੀ ਪਿੰਡ ਗੁਲਾਹੜ ਦੇ ਖਿਲਾਫ ਸਰਕਾਰੀ ਕੰਮ ’ਚ ਰੁਕਾਵਟ ਪਾਉਣ, ਮੁਲਾਜ਼ਮਾਂ ਨਾਲ ਹੱਥੋਪਾਈ ਕਰਨ ਦੇ ਦੋਸ਼ਾਂ ਹੇਠ ਕੇਸ ਕਰ ਲਿਆ ਹੈ।

ਇਸ਼ਤਿਹਾਰ
ਪਲਾਟ ਵਿਕਾਊ (62 x 105)
2 ਗਲੀਆਂ ਤੇ, ਟਾਵਰ ਵਾਲੀ ਗਲੀ,
ਮੌੜ ਰੋਡ, ਰਾਮਪੁਰਾ ਫੂਲ (ਬਠਿੰਡਾ)
ਸੰਪਰਕ- 98558-58559

ਇਸ਼ਤਿਹਾਰ
ਪਲਾਟ ਵਿਕਾਊ (43 x 75)
ਕਲਗੀਧਰ ਕਲੌਨੀ, ਗਲੀ ਨੰਬਰ-9,
ਬਰਨਾਲਾ ਰੋਡ, ਰਾਮਪੁਰਾ ਫੂਲ (ਬਠਿੰਡਾ)
ਸੰਪਰਕ- 98036-37036

# ਪਟਿਆਲਾ ਪੁਲਿਸ ਨੇ 3 ਘੰਟੇ ਵਿੱਚ ਅਗਵਾ ਬੱਚਾ ਬਰਾਮਦ ਕਰਕੇ ਕੇਸ ਸੁਲਝਾਇਆ

ਪਟਿਆਲਾ,
--ਰੋਜ਼ਾਨਾ ਸਵੇਰਾ-

ਪਟਿਆਲਾ ਦੇ ਜ਼ਿਲ੍ਹਾ ਪੁਲਿਸ ਮੁਖੀ ਦੀਪਕ ਪਾਰਿਕ ਦੱਸਿਆ ਕਿ ਮਿਤੀ 07.07.2022 ਦੀ ਸਵੇਰੇ 7:30 ਵਜੇ ਇੱਕ ਬੱਚਾ ਉਮਰ ਕਰੀਬ 8 ਸਾਲ ਪਿੰਡ ਖੰਡੋਲੀ ਨੂੰ ਆਪਣੇ ਭਰਾ ਨਾਲ ਸਾਇਕਲ ਉਤੇ ਅਧਾਰਸਿਲਾ ਸਕੂਲ ਪਿੰਡ ਭੱਦਕ ਜਾਦੇ ਸਮੇ ਖੰਡੌਲੀ ਤੇ ਪਿੰਡ ਭੱਦਕ ਦੇ ਵਿਚਕਾਰ ਦੇ ਕੱਚੇ ਰਸਤੇ ਵਿੱਚੋਂ ਦੋ ਨਕਾਬਪੋਸ਼ ਮੋਟਰ ਸਾਇਕਲ ਸਵਾਰਾਂ ਨੇ ਅਗਵਾ ਕਰ ਲਿਆ ਸੀ। ਉਨ੍ਹਾਂ ਦੱਸਿਆ ਕਿ ਪਟਿਆਲਾ ਪੁਲਿਸ ਨੇ ਇਸ ਮਾਮਲੇ ਨੂੰ ਹੱਲ ਕਰਕੇ ਅਗਵਾ ਕੀਤਾ ਬੱਚਾ ਬਰਾਮਦ ਕਰ ਲਿਆ ਹੈ।

ਐਸ.ਐਸ.ਪੀ. ਨੇ ਦੱਸਿਆ ਕਿ ਅਗਵਾਕਾਰਾਂ ਨੇ ਬੱਚੇ ਦੇ ਪਿਤਾ ਚਰਨਜੀਤ ਸਿੰਘ ਵਾਸੀ ਪਿੰਡ ਖੰਡੌਲੀ ਨੂੰ ਫੋਨ ਕਰਕੇ ਬੱਚੇ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੰਦੇ ਹੋਏ 03 ਲੱਖ ਰੁਪਏ ਫਿਰੌਤੀ ਦੀ ਮੰਗੀ ਗਈ ਸੀ, ਜਿਸ ਦੇ ਸਬੰਧ ਵਿੱਚ ਮੁਕਦਮਾ ਨੰਬਰ 53 ਮਿਤੀ 7.7.2022 ਅ:ਧ: 364 ਏ,34 ਆਈ.ਪੀ.ਸੀ ਥਾਣਾ ਖੇੜੀ ਗੰਡਿਆ ਦਰਜ ਰਜਿਸਟਰ ਕੀਤਾ ਗਿਆ ਸੀ।

ਸੀਨੀਅਰ ਕਪਤਾਨ ਪੁਲਿਸ ਨੇ ਦੱਸਿਆ ਕਿ ਮਾਮਲੇ ਨੂੰ ਹੱਲ ਕਰਨ ਲਈ ਵੱਖ ਵੱਖ ਟੀਮਾਂ ਬਣਾ ਕੇ ਏਰੀਆ ਵਿੱਚ ਭੇਜੀਆ ਗਈਆਂ ਤਾਂ ਜੋ ਦੋਸ਼ੀਆਂ ਦੀ ਪਕੜ ਵਿੱਚੋਂ ਬੱਚੇ ਨੂੰ ਸੁਰੱਖਿਅਤ ਬਚਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਬੱਚੇ ਨੂੰ 03 ਘੰਟਿਆ ਵਿਚ ਹੀ ਪੁਲਿਸ ਨੇ ਸੁਰੱਖਿਅਤ ਬੇਅਬਾਦ ਜਗਾਂ ਵਿਚ ਬਣੇ ਕਮਰੇ ਬਾਹੱਦ ਪਿੰਡ ਸਰਾਏ ਬੰਜਾਰਾ ਕੋਲੋ ਬਾਮਦ ਕਰਵਾ ਲਿਆ ਸੀ। ਇਸ ਸਾਰੇ ਕੇਸ ਦੀ ਮੋਨੀਟਰਿੰਗ ਡੀ.ਜੀ.ਪੀ ਪੰਜਾਬ ਗੌਰਵ ਯਾਦਵ ਦੀ ਅਗਵਾਈ ਵਿੱਚ ਆਈ.ਜੀ. ਪਟਿਆਲਾ ਮੁਖਵਿੰਦਰ ਸਿੰਘ ਛੀਨਾ ਵੱਲੋਂ ਕੀਤੀ ਗਈ। ਜਿਸ ਤੇ ਸੁੱਖਅੰਮ੍ਰਿਤ ਸਿੰਘ ਰੰਧਾਵਾਂ



ਡੀ.ਐਸ.ਪੀ/ਡੀ ਪਟਿਆਲਾ, ਰਘਬੀਰ ਸਿੰਘ ਡੀ.ਐਸ.ਪੀ ਘਨੌਰ ਅਤੇ ਕ੍ਰਿਪਾਲ ਸਿੰਘ ਮੁੱਖ ਅਫਸਰ ਥਾਣਾ ਖੇੜੀ ਗੰਡਿਆ ਨੂੰ ਵੱਖ-ਵੱਖ ਟਾਸਕ ਦੇ ਕੇ ਕੇਸ ਨੂੰ ਟਰੇਸ ਕਰਨ ਦੇ ਨਿਰਦੇਸ਼ ਦਿੱਤੇ ਗਏ।ਜਿਸ ਤੇ ਸੀ.ਸੀ.ਟੀ.ਵੀ ਫੁਟੇਜ, ਟੈਕਨੀਕਲ ਇਨਵੈਸਟੀਗੇਸ਼ਨ ਅਤੇ ਅਪਰਾਧੀਆਂ ਦੇ ਵਾਰਦਾਤ ਕਰਨ ਸਮੇ ਰੂਟ ਟਰੈਕਿੰਗ ਦੇ ਅਧਾਰ ਤੇ ਮਿਤੀ 8.7.2022 ਨੂੰ ਪਿੰਡ ਬਡੌਲੀ ਗੱਜਰਾਂ ਨਾਕਾਬੰਦੀ ਦੌਰਾਨ ਦੋਸੀ ਸ਼ਰਨਦੀਪ ਸਿੰਘ ਉਰਫ ਸ਼ਾਨ ਪੁੱਤਰ ਪਰਮਜੀਤ ਸਿੰਘ ਵਾਸੀ ਪਿੰਡ ਖੰਡੌਲੀ ਤੇ ਲਖਵੀਰ ਸਿੰਘ ਉਰਫ ਲੱਖਾ ਪੁੱਤਰ ਕੁਲਵੰਤ ਸਿੰਘ ਵਾਸੀ ਅਲੀਪੁਰ ਮੰਡਵਾਲ ਥਾਣਾ ਖੇੜੀ ਗੰਡਿਆ ਨੂੰ ਕਾਬੂ ਕੀਤਾ ਗਿਆ। ਜਿਨ੍ਹਾਂ ਪਾਸੋ ਇੱਕ ਮੋਟਰ ਸਾਇਕਲ ਮਾਰਕਾ ਸਪਲੈਂਡਰ ਰੰਗ ਕਾਲਾ ਜਿਸ ਤੇ ਜਾਅਲੀ ਨੰਬਰ ♦2 1 23 7665 ਲੱਗਾ ਹੋਇਆ ਸੀ, ਦੋਸ਼ੀ ਸ਼ਰਨਦੀਪ ਸਿੰਘ ਉਰਫ ਸ਼ਾਨ ਪਾਸੋ ਡੱਬ ਵਿੱਚ ਇੱਕ ਦੇਸੀ ਪਿਸਤੋਲ ਜਿਸ ਵਿੱਚ 01 ਰੌਂਦ ਲੋਡ ਸੀ ਤੇ ਉਸ ਦੀ ਜੇਬ ਵਿੱਚੋਂ 02 ਰੌਂਦ ਜਿੰਦਾ ਅਤੇ ਦੋਸ਼ੀ ਲਖਵੀਰ ਸਿੰਘ ਉਰਫ ਲੱਖਾ ਦੀ ਜੇਬ ਵਿੱਚੋਂ ਵੀ 02 ਰੌਂਦ ਜਿੰਦਾ ਬਾਮਦ ਕੀਤੇ ਗਏ।ਜੋ ਦੋਸ਼ੀਆਂ ਵੱਲੋਂ ਇਸ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤਿਆ ਮੋਟਰ ਸਾਇਕਲ ਸਿਵਾ ਜੀ ਪਾਰਕ ਗੋਬਿੰਦ ਕਲੌਨੀ ਰਾਜਪੁਰਾ ਕੋਲੋ 2/3 ਦਿਨ ਪਹਿਲਾ ਚੋਰੀ ਕੀਤਾ ਗਿਆ ਸੀ। ਜਿਸ ਸਬੰਧੀ ਥਾਣਾ ਸਿਟੀ ਰਾਜਪੁਰਾ ਵਿਚ ਚੋਰੀ ਦਾ ਮੁਕੱਦਮਾ ਦਰਜ ਰਜਿਸਟਰ ਹੈ। ਇਸ ਮੋਟਰ ਸਾਇਕਲ ਦਾ ਅਸਲੀ ਨੰਬਰ ਪੀ.ਬੀ-65 ਏ.ਜੇ-4769 ਹੋਣਾ ਪਾਇਆ ਗਿਆ। ਦੋਸੀ ਸਰਨਜੀਤ ਸਿੰਘ ਉਰਫ ਸਾਨ ਜੋ ਕਿ ਪਿੰਡ ਖੰਡੋਲੀ ਦਾ ਰਹਿਣ ਵਾਲਾ ਹੈ। ਜਿਸ ਦਾ ਘਰ ਚਰਨਜੀਤ ਸਿੰਘ ਦੇ ਮੁਹੱਲੇ ਵਿਚ ਹੀ ਹੈ। ਜਿਸ ਨੇ ਬੱਚੇ ਦੇ ਸਕੂਲ ਆਉਣ ਜਾਣ ਬਾਰੇ ਪੂਰੀ ਰੈਕੀ ਕੀਤੀ ਸੀ। ਇਸੇ ਹੀ ਕਾਰਨ ਉਨ੍ਹਾਂ ਨੇ ਅਪਣੇ ਮੂੰਹ ਢਕੇ ਹੋਏ ਸਨ ਤਾਂ ਜੋ ਉਨਾ ਦੀ ਸਨਾਖਤ ਨਾ ਹੋ ਸਕੇ। ਦੋਸੀਆਨ ਪਾਸੋ ਚੋਰੀ ਸੁਦਾ ਮੋਟਰ ਸਾਈਕਲ ਜੋ ਵਾਰਦਾਤ ਵਿਚ ਵਰਤਿਆ ਗਿਆ ਸੀ ਬਾਮਦ ਕੀਤਾ ਗਿਆ ਹੈ ਅਤੇ ਇਨ੍ਹਾਂ ਪਾਸੋ ਨਜਾਇਜ ਅਸਲਾ ਵੀ ਬਾਮਦ ਹੋਇਆ ਹੈ।

# ਪੰਜਾਬ ਭਰ ’ਚੋਂ ਪੁੱਜੇ ਐਨਪੀਐਸ ਮੁਲਾਜ਼ਮਾਂ ਵੱਲੋਂ ਵਰਦੇ ਮੀਂਹ ’ਚ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ

ਸੰਗਰੂਰ,
-ਰੋਜ਼ਾਨਾ ਸਵੇਰਾ-

ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਸਥਾਨਕ ਮਨਸਾ ਦੇਵੀ ਮੰਦਿਰ ਵਿਖੇ ਪੂਰੇ ਪੰਜਾਬ ਚੋਂ ਐਨਪੀਐਸ ਮੁਲਾਜ਼ਮਾਂ ਦੀ ਸ਼ਮੂਲੀਅਤ ਨਾਲ ਸੂਬਾ ਪੱਧਰੀ ਕਨਵੈਨਸ਼ਨ ਕਰਕੇ ਵਾਅਦਾ ਯਾਦ ਦਿਵਾਊ ਮਾਰਚ ਕੱਢਿਆ ਗਿਆ। ਜਿਸ ਵਿੱਚ ਪੰਜਾਬ ਦੇ ਕੋਨੇ-ਕੋਨੇ ਤੋਂ ਆਏ ਸੈਂਕੜੇ ਐਨ.ਪੀ.ਐਸ. ਮੁਲਾਜਮਾਂ ਵੱਲੋਂ ਸ਼ਮੂਲੀਅਤ ਕੀਤੀ ਗਈ।

ਕਨਵੈਨਸ਼ਨ ਉਪਰੰਤ ਸਮੂਹ ਮੁਲਾਜ਼ਮਾਂ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਵੱਲ ਬੀ ਐਸ ਐਨ ਐਲ ਪਾਰਕ ਤਕ @ਵਾਅਦਾ ਯਾਦ ਦਿਵਾਊ ਮਾਰਚ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਉਪਰੰਤ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਕੋਠੀ ਤੱਕ




ਮਾਰਚ ਕਰਨਾ ਸੀ ਪਰ 22 ਜੁਲਾਈ ਨੂੰ ਵਿੱਤ ਮੰਤਰੀ ਨਾਲ ਪੈਨਲ ਮੀਟਿੰਗ ਮਿਲਣ ਕਰਕੇ ਇਹ ਮਾਰਚ ਬੀਐਸਐਨਐਲ ਪਾਰਕ ਤਕ ਕੀਤਾ ਗਿਆ।

ਇਸ ਮੌਕੇ ਮੁਲਾਜ਼ਮਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਸੂਬਾ ਕਨਵੀਨਰ ਅਤਿੰਦਰਪਾਲ ਘੱਗਾ, ਜੋਨ ਕਨਵੀਨਰਾਂ ਗੁਰਬਿੰਦਰ ਖਹਿਰਾ, ਜਸਵੀਰ ਸਿੰਘ ਭੰਮਾ, ਵਿੱਤ ਸਕੱਤਰ ਜਸਵਿੰਦਰ ਔਜਲਾ, ਪ੍ਰੈੱਸ ਸਕੱਤਰ ਸਤਪਾਲ ਸਮਾਣਵੀ ਆਦਿ ਨੇ ਆਖਿਆ ਕਿ ਕਾਂਗਰਸ ਦੀ ਸਰਕਾਰ ਸਮੇਂ ਪੰਜਾਬ ਦੇ ਮੌਜੂਦਾ ਵਿੱਤ ਮੰਤਰੀ ਹਰਪਾਲ ਚੀਮਾ ਨੇ ਐਨ.ਪੀ.ਐਸ. ਮੁਲਾਜ਼ਮਾਂ ਦੇ ਧਰਨਿਆਂ ਵਿਚ ਸ਼ਮੂਲੀਅਤ ਕਰਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੇ ਸਾਰ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਐਲਾਨ ਕੀਤਾ ਸੀ। ਇਸੇ ਤਰਾਂ ਦਾ ਵਾਅਦਾ ਉਹਨਾਂ ਵੱਲੋਂ @ਪੰਜਾਬ-ਯੂ.ਟੀ. ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਦੇ ਵਫ਼ਦ ਨਾਲ ਆਪਣੀ ਰਿਹਾਇਸ਼ ਤੇ ਕੀਤੀ ਮੁਲਾਕਾਤ ਦੌਰਾਨ ਕੀਤਾ ਗਿਆ ਸੀ। ਪਰ ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਚਾਰ ਮਹੀਨੇ ਬਾਅਦ ਤੱਕ ਵੀ ਪੁਰਾਣੀ ਪੈਨਸ਼ਨ ਲਾਗੂ ਕਰਨ ਵੱਲ ਕੋਈ ਕਦਮ ਨਹੀਂ ਪੁੱਟਿਆ ਗਿਆ। ਆਗੂਆਂ ਨੇ ਆਖਿਆ ਕਿ ਵਿਧਾਨ ਸਭਾ ਦੇ ਸੈਸ਼ਨ ਵਿੱਚ ਵਿੱਚ ਚਰਚਾ ਤੱਕ ਕਰਨ ਤੋਂ ਟਾਲਾ ਵੱਟਣਾ ਬੇਹੱਦ ਨਿੰਦਣਯੋਗ ਹੈ।

ਮੁਲਾਜ਼ਮ ਆਗੂਆਂ ਰਮਨਦੀਪ ਸਿੰਗਲਾ ਬਰਨਾਲਾ, ਹਰਿੰਦਰਜੀਤ ਸਿੰਘ ਫਤਿਹਗੜ੍ਹ ਸਾਹਿਬ, ਸੁਖਜਿੰਦਰ ਗੁਰਦਾਸਪੁਰ, ਲਖਵਿੰਦਰ ਸਿੰਘ ਮਾਨਸਾ, ਮਨੋਜ ਕੁਮਾਰ ਸੰਗਰੂਰ, ਜਗਜੀਤ ਜਟਾਣਾ ਪਟਿਆਲਾ ਨੇ ਸੰਬੋਧਨ ਕਰਦਿਆਂ ਹੋਏ ਆਖਿਆ ਕਿ ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਪੁਰਾਣੀ ਪੈਨਸ਼ਨ ਸਕੀਮ ਦੁਬਾਰਾ ਲਾਗੂ ਕੀਤੀ ਜਾ ਚੁੱਕੀ ਹੈ ਪਰ ਪੰਜਾਬ ਦੀ ਸਰਕਾਰ ਇਸ ਮਸਲੇ ਤੇ ਡੰਗ-ਟਪਾਊ ਨੀਤੀ ਅਪਣਾ ਰਹੀ ਹੈ। ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਆਪਣੇ ਕੀਤੇ ਚੋਣ ਵਾਅਦੇ ਮੁਤਾਬਕ ਤੁਰੰਤ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰੇ ਜਾਂ ਫਿਰ ਪੰਜਾਬ ਦੇ ਐਨ.ਪੀ.ਐਸ. ਮੁਲਾਜ਼ਮਾਂ ਦੇ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ।

# ਮੁੱਖ ਮੰਤਰੀ ਦੇ ਨਵਨਿਯੁਕਤ ਮੀਡੀਆ ਸਲਾਹਕਾਰ ਬਲਤੇਜ ਪੰਨੂੰ ਨੂੰ ਵਧਾਈਆਂ ਦੇਣ ਪੁੱਜੀ 'ਆਪ' ਲੀਡਰਸ਼ਿਪ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਵਨਿਯਕੁਤ ਮੀਡੀਆ ਸਲਾਹਕਾਰ ਬਲਤੇਜ ਸਿੰਘ ਪਨੂੰ ਨੂੰ ਵਧਾਈਆਂ ਦੇਣ ਲਈ ਪਟਿਆਲਾ ਸਹਿਰ ਦੀ ਸਮੁੱਚੀ ਲੀਡਰਸਿਪ ਕੁੰਦਨ ਗੋਗੀਆ ਸੀਨੀਅਰ ਆਗੂ ਅਤੇ ਸਾਬਕਾ ਜਿਲਾ ਕਨਵੀਨਰ ਦੀ ਪ੍ਰਧਾਨਗੀ ਹੇਠ ਪੁੱਜੀ। ਇਸ ਦੌਰਾਨ ਉਨਾਂ ਦੇ ਨਾਲ ਸਹਿਰ ਦੇ ਬਲਾਕ ਪ੍ਰਧਾਨ, ਯੂਥ ਪ੍ਰਧਾਨ ਅਤੇ ਮਹਿਲਾ ਵਿੰਗ ਦੇ ਆਗੂ ਮੌਜੂਦ ਸਨ। ਇਸ ਦੌਰਾਨ ਸਹਿਰ ਦੇ ਆਗੂਆਂ ਵੱਲੋਂ ਵਧਾਈਆਂ ਦੇਣ ਦੇ ਨਾਲ ਨਾਲ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਸਨਮਾਨਿਤ ਵੀ ਕੀਤਾ ਗਿਆ। ਹਾਜਰ ਆਗੂਆਂ ਨੇ ਸਰਕਾਰ ਵੱਲੋਂ ਲੋਕ ਹਿੱਤ ਵਿਚ ਕੀਤੇ ਜਾ ਰਹੇ ਕੰਮਾ ਦੀ ਸਲਾਘਾ ਕੀਤੀ ਅਤੇ ਕਿਹਾ ਕਿ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਮਾਨ ਵੱਲੋਂ ਜੋ ਵੀ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਦੀ ਬਿਹਤਰੀ ਅਤੇ ਅਗਾਂਹਵਧੂ ਸੋਚ ਦਾ ਪ੍ਰਮਾਣ ਹੈ। ਸ੍ਰੀ ਕੁਦੰਨ ਗੋਗੀਆ ਨੇ ਕਿਹਾ ਕਿ ਇਸ ਸਮੇਂ ਪੰਜਾਬ ਨੂੰ ਸੋਨੇ ਦੀ ਚਿੜੀ ਬਣਾਉਣ ਲਈ ਨੌਜਵਾਨ ਵਰਗ ਨੂੰ ਅੱਗੇ ਲਿਜਾਣ ਅਤੇ ਥਾਪੜਾ ਦੇ ਕੇ ਪੰਜਾਬ ਦੀ ਬਿਹਤਰੀ ਲਈ ਚੰਗੇ ਕਦਮ ਪੁੱਟਣ ਵਿਚ ਆਮ ਅਦਾਮੀ ਪਾਰਟੀ ਦੀ ਸਰਕਾਰ ਚੰਗੇ ਕੰਮ ਕਰ ਰਹੀ ਹੈ। ਉਨਾ ਕਿਹਾਕਿ ਅਸੀਂ ਪਹਿਲਾਂ ਵੀ ਅਤੇ ਹੁਣ ਵੀ ਨਿਰਸਵਾਰਥ ਹੋ ਕੇ ਲੋਕਾਂ ਦੀ ਬਿਹਤਰੀ ਅਤੇ ਪਾਰਟੀ ਲਈ ਕੰਮ ਕਰ ਰਹੇ ਹਾਂ ਅਤੇ ਅੱਗੇ ਤੋਂ ਵੀ ਇਸੇ ਤਰਾ ਡਟ ਕੇ ਕੰਮ ਕਰਦੇ ਰਹਾਂਗੇ। ਇਸ ਦੌਰਾਨ ਨਵਨਿਯੁਕਤ ਮੀਡੀਆ ਸਲਾਹਕਾਰ ਬਲਤੇਜ ਪੰਨੂੰ ਨੇ ਸਮੂਹ ਪਾਰਟੀ ਆਗੂਆਂ ਦਾ ਧੰਨਵਾਦ ਕੀਤਾ ਅਤੇ ਵਧਾਈਆਂ ਦੇਣ ਆਏ ਆਗੂਆਂ ਨੂੰ ਜੀ ਆਇਆ ਕਿਹਾ। ਇਸ ਮੌਕੇ ਰਜਿੰਦਰ ਮੋਹਨ, ਜਸਵਿੰਦਰ ਸਿੰਘ ਰਿੰਪਾ, ਰਾਜਵੀਰ ਸਿੰਘ ਚਹਿਲ (ਸਮੂਹ ਬਲਾਕ ਪ੍ਰਧਾਨ), ਸਿਮਰਨਪ੍ਰੀਤ ਸਿੰਘ (ਯੂਥ ਪ੍ਰਧਾਨ), ਸ. ਸੁਰਜਨ ਸਿੰਘ, ਨੀਲਕਾਂਤ ਲੱਕੀ, ਭੁਪਿੰਦਰ ਮੱਚਲ, ਅਨਿਲ ਮਹਿਰਾ, ਕਰਮਜੀਤ ਤਲਵਾੜ, ਨੰਦ ਕਿਸੋਰ ਜੋਨੀ, ਘੁੰਮਣ ਸਿੰਘ ਫੌਜੀ, ਸੁਖਜਿੰਦਰ ਸਿੰਘ, ਰਿਸਵ ਕੁਮਾਰ, ਲਖਵਿੰਦਰ ਸਿੰਘ, ਪਰਮਜੀਤ ਕੌਰ ਚਹਿਲ, ਮਿਨਾਕਸੀ, ਰੁਬੀ ਭਾਟੀਆ, ਮਨਪ੍ਰੀਤ ਕੌਰ ਤੇ ਹੋਰ ਵਲੰਟੀਅਰ ਤੇ ਆਗੂ ਵੀ ਮੌਜੂਦ ਰਹੇ।

# ਆਫਤ ਪ੍ਰਬੰਧਨ ਲਈ ਤਿਆਰ ਕੀਤੇ ਜਾਣਗੇ ਹਜ਼ਾਰਾਂ ਵਲੰਟੀਅਰ

**ਪਟਿਆਲਾ,**
**-ਰੋਜ਼ਾਨਾ ਸਵੇਰਾ-**



ਭਾਰਤ ਸਰਕਾਰ ਵੱਲੋਂ ਪੰਜਾਬ ਵਿੱਚ ਆਫਤਾਵਾਂ ਘਟਾਉਣ ਦੀ ਪਲੈਨਿੰਗ, ਪ੍ਰਬੰਧਾਂ ਆਫਤਾਵਾਂ ਅਤੇ ਹਾਦਸੇ ਪੀੜਤਾਂ ਨੂੰ ਮਰਨ ਤੋਂ ਬਚਾਉਣ ਅਤੇ ਘਰ ਘਰ ਆਫਤਾ/ ਆਪਦਾ ਮਿੱਤਰ ਤਿਆਰ ਕਰਨ ਲਈ ਵਿਸ਼ੇਸ ਟ੍ਰੇਨਿੰਗ ਪ੍ਰੋਗਰਾਮ ਸੁਰੂ ਕਰ ਦਿੱਤੇ ਹਨ ਜਿਸ ਹਿਤ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਨੀਸਟਰੇਸਨ ਚੰਡੀਗੜ ਵਿਖੇ ਰਾਜ ਪੱਧਰੀ ਤਿੰਨ ਰੋਜ਼ਾ ਟਰੇਨਿੰਗ ਪ੍ਰੋਗਰਾਮ ਕਰਵਾਇਆ ਜਿਸ ਵਿਖੇ ਪਟਿਆਲਾ ਤੋਂ 10 ਮੈਬਰ ਜਿਨਾਂ ਵਿੱਚ ਰੈੱਡ ਕਰਾਸ ਦੇ ਸੇਵਾਮੁਕਤ ਜਿਲਾ ਟਰੇਨਿੰਗ ਅਫਸਰ ਸ੍ਰੀ ਕਾਕਾ ਰਾਮ ਵਰਮਾ, ਸੇਵਾਮੁਕਤ ਥਾਣੇਦਾਰ ਟਰੈਫਿਕ ਪੁਲਿਸ ਗੁਰਜਾਪ ਸਿੰਘ, ਡਾਕਟਰ ਅਵਨੀਤ ਕੋਰ, ਸਿਵਲ ਹਸਪਤਾਲ ਸਮਾਨਾ, ਪੰਜਾਬੀ ਯੂਨੀਵਰਸਿਟੀ ਦੇ ਲਾਅ ਵਿਭਾਗ ਤੋਂ ਡਾ ਨਿੰਮੀ, ਅਤੇ ਵਿਦਿਆਰਥਣਾ ਕਿਰਨਦੀਪ ਕੌਰ ਅਤੇ ਬਬੀਤਾ ਰਾਣੀ ਨੇ ਭਾਗ ਲਿਤਾ।

ਸ੍ਰੀ ਕਾਕਾ ਰਾਮ ਵਰਮਾ ਅਤੇ ਗੁਰਜਾਪ ਸਿੰਘ ਨੇ ਦੱਸਿਆ ਕਿ ਕਰਨਲ ਦਲਬੀਰ ਸਿੰਘ ਜਨਰਲ ਮੈਨੇਜਰ ਨੇ ਉਦਘਾਟਨ ਕਰਦੇ ਹੋਏ ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ ਜੀ ਅਤੇ ਗ੍ਰਹਿ ਮੰਤਰੀ ਜੀ ਦੇ ਆਫਤਾ ਮਿੱਤਰ ਸਕੀਮ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਤਾਂ ਜੋ ਹਰ ਘਰ ਮਹੱਲੇ ਦਫਤਰ ਸਿੱਖਿਆ ਸੰਸਥਾ ਵਿਖੇ ਆਪਦਾ ਮਿੱਤਰ ਤਿਆਰ ਹੋ ਸਕਣ। ਪ੍ਰੋਫੈਸਰ ਜੇ ਐਸ ਭਾਟੀਆ ਮੁੱਖ ਵਕਤਾ ਨੇ ਆਫਤਾਵਾਂ ਨਾਲ ਸਬੰਧਤ ਵਿਸਿਆ ਬਾਰੇ ਬਹੁਤ ਚੰਗੇ ਢੰਗ ਤਰੀਕੇ ਨਾਲ ਜਾਣਕਾਰੀ ਅਤੇ ਪ੍ਰੈਕਟੀਕਲ ਸਿਖਲਾਈ ਦਿੱਤੀ।ਪਟਿਆਲਾ ਸਾਮਾਨਾ ਸਿਵਲ ਹਸਪਤਾਲ ਦੇ ਡਾ ਅਵਨੀਤ ਕੋਰ ਜੋ ਜਾਪਾਨ ਤੋਂ ਪ੍ਰਮਾਣੂ ਰਸਾਇਣਿਕ ਅਤੇ ਜੀਵ ਵਿਗਿਆਨ ਸੰਕਟ, ਬਾਰੇ ਟਰੇਨਿੰਗ ਲੈਕੇ ਆਏ ਹਨ ਨੇ ਹਸਪਤਾਲਾਂ ਵਿਖੇ ਪਹੁੰਚਣ ਤੋਂ ਪਹਿਲਾਂ ਪੀੜਤਾਂ ਦੀ ਜਾਨਾਂ ਬਚਾਉਣ ਹਿਤ ਫਸਟ ਏਡ ਰਿਕਵਰੀ ਪੁਜੀਸ਼ਨ ਸੀ ਪੀ ਆਰ ਵੈਂਟੀਲੇਟਰ ਬਣਾਉਟੀ ਸਾਹ ਕਿਰਿਆ ਖੂਨ ਵਗਣ ਜਖਮਾਂ, ਗੋਲੀਆਂ ਜਾਂ ਹਥਿਆਰਾਂ ਦੇ ਜਖਮਾਂ ਅੰਦਰੂਨੀ ਰਤਵਾਹ ਦੀ ਮਹੱਤਤਾ ਬਾਰੇ ਟ੍ਰੇਨਿੰਗ ਦਿੱਤੀ। ਆਈ ਟੀ ਬੀ ਪੀ ਸਬੰਧਤ ਐਨ ਡੀ ਆਰ ਐਫ ਦੇ ਅਫਿਸਰਜ ਨੇ ਆਫਤਾਂਵਾਂ ਸਮੇਂ ਪੇਸ ਆਉਂਦੀਆਂ ਸਮਸਿਆਵਾਂ ਅਤੇ ਫਸਟ ਏਡ ਰੈਸਕਿਯੂ ਰੱਸੀਆ ਦੀ ਵਰਤੋਂ ਟਰਾਂਸਪੋਰਟ ਸਿਸਟਮ ਬਾਰੇ ਟਰੇਨਿੰਗ ਦਿੱਤੀ। ਪੰਜਾਬ ਦੇ ਹਰੇਕ ਜਿਲੇ ਵਿੱਚ 300 ਤੋਂ 500 ਯੁਵਕ ਵਲੰਟੀਅਰ ÷ ਆਪਦਾ ਮਿੱਤਰ ਸਕੀਮ ÷ ਅਧੀਨ ਤਿਆਰ ਕਰਨ ਲਈ ਟਰੇਨਿੰਗ ਫਾਰ ਟਰੇਨਰ ਦੀ ਟ੍ਰੇਨਿੰਗ ਕਰਵਾਈ ਗਈ ਹੈ ਜਿਸ ਅਧੀਨ ਕੁਦਰਤੀ ਅਤੇ ਮਨੁੱਖੀ ਆਫਤਾਵਾਂ ਘਟਾਉਣ, ਆਫਤ ਆਉਣ ਸਮੇਂ ਸੁਰੱਖਿਆ ਅਤੇ ਪੀੜਤਾਂ ਦੀ ਜਾਨਾਂ ਬਚਾਉਣ ਹਿਤ ਠੀਕ ਫਸਟ ਏਡ ਰੈਸਕਿਯੂ ਸੀਪੀਆਰ ਬਣਾਉਟੀ ਸਾਹ ਕਿਰਿਆ, ਵਗਦੇ ਖੂਨ ਨੂੰ ਬੰਦ ਕਰਨਾ, ਜਹਿਰਾਂ ਅੱਗ ਗੈਸਾਂ ਬਿਜਲੀ ਪੈਟਰੋਲੀਅਮ ਘਟਨਾਵਾਂ, ਬੇਸਿਕ ਲਾਇਫ ਸਪੋਰਟ, ਪੱਟੀਆ ਫੱਟੀਆਂ ਦੀ ਵਰਤੋਂ, ਪ੍ਰਮਾਣੂ ਹਥਿਆਰਾਂ ਬਾਇਓਲੋਜੀ ਅਤੇ ਰਸਾਇਣਿਕ ਐਮਰਜੈਂਸੀ ਬਾਰੇ ਜਾਣਕਾਰੀ ਨੋਜਵਾਨਾਂ ਨੂੰ ਦਿੱਤੀ ਜਾਵੇਗੀ ਕਿਉਂਕਿ ਕਿਸੇ ਵੀ ਦੁਰਘਟਨਾ ਹਾਦਸੇ ਆਫਤ ਜੰਗਾਂ ਯੁੱਧਾਂ ਗੈਸਾਂ ਲੀਕ ਹੋਣ ਅੱਗਾਂ ਲਗਣ ਸਮੇਂ ਨੇੜੇ ਦੇ ਸਿਖਿਅਤ ਨੋਜਵਾਨ ਐਂਬੂਲੈਂਸਾਂ ਫਾਇਰ ਟੈਂਡਰ ਪੁਲਿਸ ਟੀਮਾਂ ਤੋਂ ਪਹਿਲਾਂ ਪਹੁੰਚਕੇ ਜਾਨੀ ਤੇ ਮਾਲੀ ਨੁਕਸਾਨ ਰੋਕ ਸਕਦੇ ਹਨ। ਸ੍ਰੀ ਕਾਕਾ ਰਾਮ ਵਰਮਾ ਨੇ ਦੱਸਿਆ ਕਿ ਇਸ ਆਪਦਾ ਮਿੱਤਰ ਟ੍ਰੇਨਿੰਗ ਸਕੀਮ ਅਧੀਨ 18 ਸਾਲਾਂ ਤੋਂ 40 ਸਾਲਾਂ ਦੇ ਨੋਜਵਾਨਾਂ ਨੂੰ ਟ੍ਰੇਨਿੰਗ ਕਰਵਾਕੇ ਸਰਟੀਫਿਕੇਟ ਵੀ ਦਿੱਤੇ ਜਾਣਗੇ।

# ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਆਦਰਸ਼ ਸਕੂਲ ਯੂਨੀਅਨ ਦਾ ਵ.ਫਦ ਮਿਲਿਆ



**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਆਦਰਸ਼ ਸਕੂਲ ਅਧਿਆਪਕ ਯੂਨੀਅਨ ਪੰਜਾਬ (ਪੀਪੀਪੀ) ਦੇ ਸੂਬਾਈ ਆਗੂਆਂ ਦਾ ਇਕ ਵਫਦ ਅੱਜ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲੈ ਕੇ ਲੋਕ ਸੰਪਰਕ ਮੰਤਰੀ ਅਮਨ ਅਰੋੜਾ ਨੂੰ ਮਿਲਿਆ। ਆਗੂਆਂ ਨੇ ਸ੍ਰੀ ਅਰੋੜਾ ਨੂੰ ਕੈਬਨਿਟ ਮੰਤਰੀ ਬਣਨ 'ਤੇ ਵਧਾਈਆਂ ਦਿੰਦਿਆਂ ਆਪਣੀਆਂ ਸਰਬ ਸਾਂਝੀਆਂ ਮੰਗਾਂ ਦਾ ਮੰਗ ਪੱਤਰ ਪੇਸ਼ ਕੀਤਾ ਹੈ। ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਮੱਖਣ ਸਿੰਘ ਬੀਰ, ਸੂਬਾ ਆਗੂ ਕੁਲਵੀਰ ਸਿੰਘ ਜਖੇਪਲ ਅਤੇ ਜਗਤਾਰ ਸਿੰਘ ਗੰਢੂਆਂ ਨੇ ਕੈਬਨਿਟ ਮੰਤਰੀ ਨੂੰ ਕਿਹਾ ਹੈ ਕਿ ਆਦਰਸ਼ ਸਕੂਲਾਂ (ਪਬਲਿਕ ਪ੍ਰਾਈਵੇਟ ਪਾਰਟਨਰਸਿਪ ਤਰਜ਼ ਵਾਲੇ) ਦੇ ਅਧਿਆਪਕਾਂ ਅਤੇ ਦਰਜਾ ਚਾਰ ਕਾਮਿਆਂ ਦੀਆਂ ਨੌਕਰੀਆਂ 36 ਹਜ਼ਾਰ ਨੌਕਰੀਆਂ ਵਿੱਚ ਪੱਕੀਆਂ ਕੀਤੀਆਂ ਜਾਣ, ਜਿਹੜੇ ਕਿ 12-12 ਸਾਲਾਂ ਤੋਂ ਨਿਗੂਣੀਆਂ ਤਨਖਾਹਾਂ 'ਤੇ ਕੱਚੀਆਂ ਨੌਕਰੀਆਂ ਕਰਨ ਲਈ ਮਜ਼ਬੂਰ ਹਨ।

ਆਦਰਸ਼ ਸਕੂਲਾਂ ਦੇ ਅਧਿਆਪਕਾਂ ਦਾ ਪੜ੍ਹਾਉਣ ਦਾ ਤਜ਼ਰਬਾ ਮੰਨ ਕੇ 2019 ਵਿਚ ਹੈਡ ਟੀਚਰ /ਸੈਂਟਰ ਹੈਡ ਟੀਚਰ ਦੀ ਹੋਈ ਸਿੱਧੀ ਭਰਤੀ ਦੀ ਮੈਰਿਟ ਲਿਸਟ ਵਿੱਚ ਆਏ ਅਤੇ ਸਕਰੂਟਨੀ ਕਰਵਾ ਚੁੱਕੇ ਆਦਰਸ਼ ਸਕੂਲਾਂ ਦੇ ਅਧਿਆਪਕਾਂ ਨੂੰ ਹੈੱਡ ਟੀਚਰ ਦੀ ਨੌਕਰੀ ਲਈ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ। ਜਦ ਕਿ ਪਿਛਲੀ ਸਰਕਾਰ ਨੇ ਇੱਕ ਸਾਜਿਸ਼ ਤਹਿਤ ਆਦਰਸ਼ ਸਕੂਲਾਂ ਦੇ ਅਧਿਆਪਕਾਂ ਨੂੰ ਹੈਡ ਟੀਚਰ ਦੀ ਨੌਕਰੀ ਦੇ ਨਿਯੁਕਤੀ ਪੱਤਰ ਜਾਰੀ ਨਹੀਂ ਕੀਤੇ ਸਨ। ਵੱਖ ਵੱਖ ਸਮਿਆਂ ਤੇ ਮੈਨੇਜਮੈਂਟਾਂ ਵੱਲੋਂ ਨੌਕਰੀਓ ਕੱਢੇ ਅਧਿਆਪਕਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ, ਪਿਛਲੀ ਸਰਕਾਰ ਦੁਆਰਾ ਬੰਦ ਕੀਤੇ ਗਏ ਆਦਰਸ਼ ਸਕੂਲਾਂ ਨੂੰ ਮੁੜ ਚਾਲੂ ਕੀਤਾ ਜਾਵੇ ।

# ਪ੍ਰੋ. ਅਰਵਿੰਦ ਨੇ ਪੰਜਾਬ ਦੇ ਉਚੇਰੀ ਸਿੱਖਿਆ ਮੰਤਰੀ ਗੁਰਮਸਿੰਘ ਮੀਤ ਹੇਅਰ ਨਾਲ ਵਿਸ਼ੇਸ਼ ਮੁਲਾਕਾਤ ਕੀਤੀ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਪੰਜਾਬ ਦੇ ਉਚੇਰੀ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨਾਲ ਵਿਸ਼ੇਸ਼ ਮੁਲਾਕਾਤ ਕੀਤੀਅੱਜ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਪੰਜਾਬ ਦੇ ਉਚੇਰੀ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਤ ਵੱਖ-ਵੱਖ ਮੁੱਦਿਆਂ ਉੱਤੇ ਗੱਲਬਾਤ ਕੀਤੀ ਗਈ। ਯੂਨੀਵਰਸਿਟੀ ਦੀ ਵਿੱਤੀ ਸਮੱਸਿਆ ਤੋਂ ਲੈ ਕੇ ਬਿਹਤਰ ਅਕਾਦਮਿਕ ਮਾਹੌਲ ਦੀ ਸਿਰਜਣਾ ਨਾਲ ਜੁੜੇ ਵੱਖ-ਵੱਖ ਪਹਿਲੂ ਇਸ ਮੀਟਿੰਗ ਵਿੱਚ ਵਿਚਾਰੇ ਗਏ। ਪਿਛਲੇ ਕੁਝ ਸਮੇਂ ਦੌਰਾਨ ਯੂਨੀਵਰਸਿਟੀ ਦੀ ਬਿਹਤਰੀ ਲਈ ਉਠਾਏ ਗਏ ਕਦਮਾਂ ਬਾਰੇ ਵੀ ਚਰਚਾ ਕੀਤੀ ਗਈ। ਉਚੇਰੀ ਸਿੱਖਿਆ ਮੰਤਰੀ ਮੀਤ ਹੇਅਰ ਵੱਲੋਂ ਯੂਨੀਵਰਸਿਟੀ ਵਿੱਚ ਉਠਾਏ ਜਾ ਰਹੇ ਇਨ੍ਹਾਂ ਵੱਖ-ਵੱਖ ਕਦਮਾਂ ਸੰਬੰਧੀ ਤਸੱਲੀ ਪ੍ਰਗਟਾਈ ਗਈ।ਜ਼ਿਕਰਯੋਗ ਹੈ ਕਿ ਹਾਲ ਵਿੱਚ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਗਏ ਆਪਣੇ ਬਜਟ ਵਿੱਚ ਯੂਨੀਵਰਸਿਟੀ ਦੀ 200 ਕਰੋੜ ਰੁਪਏ ਦੀ ਸਾਲਾਨਾ ਗਰਾਂਟ ਦੇ ਬਜਟ ਵਿੱਚ ਸ਼ਾਮਿਲ ਕੀਤੇ ਜਾਣ ਤੋਂ ਇਲਾਵਾ ਯੂਨੀਵਰਸਿਟੀ ਦੇ ਸਮੁੱਚੇ ਕਰਜ਼ੇ ਦੇ ਨਿਪਟਾਰੇ ਲਈ ਵੱਖਰੇ ਤੌਰ ਉੱਤੇ ਵਿਚਾਰ ਕੀਤੇ ਜਾਣ ਦਾ ਐਲਾਨ ਕੀਤਾ ਸੀ। ਪ੍ਰੋ. ਅਰਵਿੰਦ ਵੱਲੋਂ ਇਸ ਸੰਬੰਧੀ ਵੀ ਪੰਜਾਬ ਸਰਕਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਅਤੇ ਯੂਨੀਵਰਸਿਟੀ ਦੇ ਕਰਜ਼ੇ ਦੀ ਅਦਾਇਗੀ ਸੰਬੰਧੀ ਜਲਦੀ ਵਿਚਾਰ ਕੀਤੇ ਜਾਣ ਬਾਰੇ ਕਿਹਾ।

ਉਚੇਰੀ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਹਾਲ ਹੀ ਵਿੱਚ ਜਾਰੀ ਕੀਤੇ ਗਏ ਇੱਕ ਪੱਤਰ ਵਿੱਚ ਸਾਰੇ ਸੰਕੇਤ-ਬੋਰਡਾਂ ਉੱਪਰ ਪੰਜਾਬੀ ਭਾਸ਼ਾ ਵਿੱਚ ਸੂਚਨਾਵਾਂ ਲਿਖੇ ਜਾਣ ਨੂੰ ਯਕੀਨੀ ਬਣਾਏ ਜਾਣ ਸੰਬੰਧੀ ਲਿਖਿਆ ਗਿਆ ਸੀ।

ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨੂੰ ਅਮਲੀ ਰੂਪ ਦੇਣ ਸੰਬੰਧੀ ਲੋੜੀਂਦੇ ਕਦਮ, ਲੋੜੀਂਦੀ ਜਾਗਰੂਕਤਾ ਅਤੇ ਇਸ ਦਿਸ਼ਾ ਵਿੱਚ ਆਉਣ ਵਾਲੀਆਂ ਸੰਭਾਵੀ ਸਮੱਸਿਆਵਾਂ ਅਤੇ ਚੁਣੌਤੀਆਂ ਬਾਰੇ ਗੱਲਬਾਤ ਕੀਤੀ ਗਈ। ਗੁਰਮੀਤ ਸਿੰਘ ਮੀਤ ਹੇਅਰ ਉੱਚ ਸਿੱਖਿਆ ਦੇ ਨਾਲ-ਨਾਲ ਭਾਸ਼ਾ, ਖੇਡਾਂ ਅਤੇ ਯੁਵਕ ਸੇਵਾਵਾਂ ਦੇ ਵੀ ਮੰਤਰੀ ਹਨ। ਉਨ੍ਹਾਂ ਨੇ ਵਾਤਾਵਰਣ ਨਾਲ ਜੁੜੇ ਮਸਲਿਆਂ ਸੰਬੰਧੀ ਵਿਚਾਰ ਚਰਚਾ ਕੀਤੀ ਅਤੇ ਪ੍ਰੋ. ਅਰਵਿੰਦ ਨੇ ਪੰਜਾਬੀ ਯੂਨੀਵਰਸਿਟੀ ਦੀਆਂ ਪਹਿਲਕਦਮੀਆਂ ਵਿੱਚ 'ਪੰਜਾਬ ਦਾ ਵਣ-ਤ੍ਰਿਣ ਜੀਵ-ਜੰਤ ਸੰਤੁਲਨ ਮੁੜ ਬਹਾਲੀ ਕੇਂਦਰ' ਸਥਾਪਿਤ ਕਰਨ ਦਾ ਉਚੇਚਾ ਜ਼ਿਕਰ ਕੀਤਾ। ਮੀਤ ਹੇਅਰ ਨੇ ਇਸ ਗੱਲ ਵਿੱਚ ਇਸ ਪੱਖ ਵਿੱਚ ਦਿਲਚਸਪੀ ਦਿਖਾਈ ਅਤੇ ਚਿੰਤਾ ਜ਼ਾਹਿਰ ਕੀਤੀ ਕਿ ਪੰਜਾਬ ਦਾ ਆਪਣਾ ਵਿਲੱਖਣ ਪੌਣ-ਪਾਣੀ ਹੈ ਜਿਸ ਨੂੰ ਹੁਣ ਢਾਅ ਲੱਗ ਰਹੀ ਹੈ। ਪ੍ਰੋ. ਅਰਵਿੰਦ ਨੇ ਦੱਸਿਆ ਕਿ ਇਹ ਕੇਂਦਰ ਜਿੱਥੇ ਪੰਜਾਬ ਦੇ ਮੁਕਾਮੀ ਪ੍ਰਸੰਗ ਵਿੱਚ ਵੱਖ-ਵੱਖ ਪਹਿਲੂਆਂ ਤੋਂ ਗਤੀਵਿਧੀਆਂ ਕਰ ਰਿਹਾ ਹੈ ਉੱਥੇ ਹੀ ਆਲਮੀ ਜਲਵਾਯੂ ਤਬਦੀਲੀਆਂ ਅਤੇ ਚੁਣੌਤੀਆਂ ਬਾਬਤ ਵੱਖ-ਵੱਖ ਕਾਰਜ ਕਰ ਰਿਹਾ ਹੈ।

# ਕਾਂਗਰਸੀ ਮਹਿਲਾਵਾਂ ਨੇ ਕੇਂਦਰ ਖਿਲਾ.ਫ ਥਾਲੀਆਂ ਖੜਕਾਈਆਂ



**ਲੁਧਿਆਣਾ,**
**-ਰੋਜ਼ਾਨਾ ਸਵੇਰਾ-**

ਸਨਅਤੀ ਸ਼ਹਿਰ ਵਿੱਚ ਅੱਜ ਜ਼ਿਲ੍ਹਾ ਮਹਿਲਾ ਕਾਂਗਰਸ ਦੀਆਂ ਕਾਰਕੁਨਾਂ ਨੇ ਕੇਂਦਰ ਸਰਕਾਰ ਖਿਲਾਫ਼ ਪ੍ਰਦਰਸ਼ਨ ਕੀਤਾ। ਉਨ੍ਹਾਂ ਦੇਸ਼ ਵਿੱਚ ਲਗਾਤਾਰ ਵਧ ਰਹੀ ਮਹਿੰਗਾਈ ਵਿਰੁੱਧ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਮਹਿਲਾਵਾਂ ਨੇ ਘੰਟਾ ਘਰ ਚੌਕ ਨੇੜੇ ਇਕੱਠੇ ਹੋ ਕੇ ਮੋਦੀ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਸਰਕਾਰ ਨੂੰ ਜਗਾਉਣ ਲਈ ਥਾਲੀਆਂ ਵੀ ਖੜਕਾਈਆਂ।

ਵਰਕਰਾਂ ਨੇ ਪ੍ਰਦਰਸ਼ਨ ਦੌਰਾਨ ਰਸੋਈ ਗੈਸ ਸਿਲੰਡਰ ਦੇ ਕੱਟ-ਆਊਟ ਅਤੇ ਪੋਸਟਰ ਫੜੇ ਹੋਏ ਸਨ। ਪ੍ਰਦਰਸ਼ਨਕਾਰੀ ਮਹਿਲਾਵਾਂ ਨੇ ਸੰਘਰਸ਼ ਤੇਜ਼ ਕਰਨ ਦੀ ਚਿਤਾਵਨੀ ਵੀ ਦਿੱਤੀ। ਮਹਿਲਾ ਕਾਂਗਰਸ ਦੀ ਜ਼ਿਲ੍ਹਾ ਪ੍ਰਧਾਨ ਮਨੀਸ਼ਾ ਕਪੂਰ ਨੇ ਕਿਹਾ ਕਿ ਆਏ ਦਿਨ ਰਸੋਈ ਗੈਸ ਦੇ ਭਾਅ ਵੱਧ ਰਹੇ ਹਨ, ਜਿਸ ਕਾਰਨ ਲੋਕਾਂ ਦੇ ਘਰਾਂ ਦਾ ਬਜਟ ਹਿੱਲ ਗਿਆ ਹੈ। ਉਨ੍ਹਾਂ ਕਿਹਾ ਕਿ ਸੱਤਾ ਦੇ ਨਸ਼ੇ ਵਿੱਚ ਚੂਰ ਕੇਂਦਰ ਦੀ ਭਾਜਪਾ ਸਰਕਾਰ ਲੋਕਾਂ 'ਤੇ ਵਧ ਰਹੇ ਮਹਿੰਗਾਈ ਦੇ ਬੋਝ ਵੱਲ ਧਿਆਨ ਨਹੀਂ ਦੇ ਰਹੀ। ਮਨੀਸ਼ਾ ਨੇ ਕਿਹਾ ਕਿ 2024 'ਚ ਲੋਕ ਸਭਾ ਚੋਣਾਂ ਦੌਰਾਨ ਲੋਕ ਭਾਜਪਾ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ।

ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਨੇ ਰਸੋਈ ਗੈਸ ਦੀਆਂ ਵਧੀਆਂ ਖ਼ਿਲਾਫ਼ ਪ੍ਰਦਰਸ਼ਨ ਕੀਤਾ। ਜਥੇਬੰਦੀ ਦੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ, ਸਕੱਤਰ ਜਸਦੇਵ ਸਿੰਘ ਲਲਤੋਂ, ਮੀਤ ਪ੍ਰਧਾਨ ਬਲਜੀਤ ਸਿੰਘ ਸਵੱਦੀ, ਖ਼ਜ਼ਾਨਚੀ ਮਨਮੋਹਣ ਸਿੰਘ ਪੰਡੋਰੀ ਤੇ ਸਹਾਇਕ ਸਕੱਤਰ ਰਣਜੀਤ ਸਿੰਘ ਗੁੜੇ ਨੇ ਕਿਹਾ ਕਿ ਪਿਛਲੇ ਸਾਲ ਤੋਂ ਕੌਮਾਂਤਰੀ ਮੰਡੀ ਵਿੱਚ ਗੈਸ ਦੀਆਂ ਕੀਮਤਾਂ 'ਚ ਵੱਡੀ ਗਿਰਾਵਟ ਚੱਲ ਰਹੀ ਹੈ ਪਰ ਦੇਸ਼ ਵਿੱਚ ਵਾਧਾ ਲਗਾਤਾਰ ਜਾਰੀ ਹੈ।

# ਆਮ ਆਦਮੀ ਪਾਰਟੀ ਨੇ ਸੁਖਵਿੰਦਰ ਸਿੰਘ ਸੰਧੂ ਨਾਭਾ ਨੂੰ ਲਾਇਆ ਰਵਿਨਿਊ ਵਿਭਾਗ ਦਾ ਇੰਚਾਰਜ



**ਨਾਭਾ, -ਮੰਡੌਰ-**
**-ਰੋਜ਼ਾਨਾ ਸਵੇਰਾ-**

ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਵਿੱਚ ਵਧੀਆ ਸੇਵਾਵਾਂ ਨਿਭਾਉਣ ਤੇ ਸੁਖਵਿੰਦਰ ਸਿੰਘ ਸੰਧੂ ਨੂੰ ਹਲਕਾ ਨਾਭਾ ਦੇ ਰਵਿਨਿਊ ਵਿਭਾਗ ਦਾ ਇੰਚਾਰਜ ਲਗਾਇਆ ਗਿਆ। ਇਸ ਮੌਕੇ ਸੁਖਵਿੰਦਰ ਸਿੰਘ ਸੰਧੂ (ਰਾਣਾ ਨਾਭਾ) ਨੇ ਇੰਚਾਰਜ ਲੱਗਣ ਤੇ ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਸਾਬਕਾ ਵਿਧਾਇਕ ਰਮੇਸ਼ ਕੁਮਾਰ ਸਿੰਗਲਾ ਅਤੇ ਸਮੁੱਚੀ ਪਾਰਟੀ ਟੀਮ ਦਾ ਕੋਟਿਨ-ਕੋਟਿ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜੋ ਜਿੰਮੇਵਾਰੀ ਹਾਈਕਮਾਨ ਨੇ ਮੈਨੂੰ ਸੌਂਪੀ ਹੈ ਉਸ ਨੂੰ ਮੈਂ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵਾਂਗਾ। ਉਨ੍ਹਾਂ ਕਿਹਾ ਕਿ ਜੇਕਰ ਹਲਕੇ ਵਿਚ ਕਿਸੇ ਵਿਅਕਤੀ ਨੂੰ ਰਵਿਨਿਊ ਵਿਭਾਗ ਵਿੱਚ ਕਿਸੇ ਪ੍ਰਕਾਰ ਦੀ ਮੁਸ਼ਕਿਲ ਆਉਂਦੀ ਹੈ ਤਾਂ ਉਹ ਮੈਨੂੰ ਸਿੱਧੇ ਤੌਰ ਤੇ ਮਿਲ ਸਕਦਾ ਹੈ। ਉਨ੍ਹਾਂ ਦਾ ਕੰਮ ਪਹਿਲ ਦੇ ਅਧਾਰ ਤੇ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸੂਬਾ ਸਰਕਾਰ ਆਮ ਲੋਕਾਂ ਦੀ ਆਪਣੀ ਸਰਕਾਰ ਹੈ। ਇਸ ਸਰਕਾਰ ਦਾ ਇੱਕ ਹੀ ਮਕਸਦ ਹੈ ਕਿ ਮਹਿਕਮੇ ਵਿਚੋਂ ਭ੍ਰਿਸ਼ਟਾਚਾਰ ਨੂੰ ਖਤਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇ ਕੋਈ ਅਫਸਰ ਕਿਸੇ ਵਿਅਕਤੀ ਤੋ ਰਿਸ਼ਵਤ ਮੰਗਦਾ ਹੈ ਤਾਂ ਉਹ ਵਿਅਕਤੀ ਸਿੱਧੇ ਤੌਰ ਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਜੀ ਨੂੰ ਮਿਲ ਸਕਦੇ ਹਨ।

# ਲੁਧਿਆਣਾ ਰੇਲਵੇ ਸਟੇਸ਼ਨ 'ਤੇ ਟਰੇਨ ਨੂੰ ਲੱਗੀ ਅੱਗ

## ਟ੍ਰੇਨ ਜੀਆਰਪੀ ਨੇ ਕੀਤਾ ਅੱਗ ਨੂੰ ਕਾਬੂ , ਨਹੀਂ ਹੋਇਆ ਕੋਈ ਜਾਨੀ ਨੁਕਸਾਨ

**ਲੁਧਿਆਣਾ,**
**-ਰੋਜ਼ਾਨਾ ਸਵੇਰਾ-**

ਉੱਤਰੀ ਰੇਲਵੇ ਦੇ ਫ਼ਿਰੋਜ਼ਪੁਰ ਡਵੀਜ਼ਨ ਦੇ ਲੁਧਿਆਣਾ ਸਟੇਸ਼ਨ 'ਤੇ ਸ਼ਨੀਵਾਰ ਸਵੇਰੇ ਪਲੇਟਫਾਰਮ ਨੰਬਰ 4 'ਤੇ ਖੜ੍ਹੀ ਇੱਕ ਯਾਤਰੀ ਰੇਲਗੱਡੀ 'ਚ ਅੱਗ ਲੱਗ ਗਈ। ਦੱਸਿਆ ਜਾ ਰਿਹਾ ਹੈ ਕਿ ਟਰੇਨ ਨੇ ਹਿਸਾਰ ਜਾਣਾ ਸੀ, ਜਿਸ ਦਾ ਸਮਾਂ 3.20 ਹੈ। ਇਹ ਟਰੇਨ ਲੁਧਿਆਣਾ ਤੋਂ ਚੱਲਣੀ ਸੀ ਪਰ ਇਸ ਨੂੰ ਅੱਗ ਲੱਗ ਗਈ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਦੱਸ ਦੇਈਏ ਕਿ ਅੱਜ ਏਡੀਜੀਪੀ ਗੁਰਪ੍ਰੀਤ ਕੌਰ ਨੇ ਲੁਧਿਆਣਾ ਸਟੇਸ਼ਨ 'ਤੇ ਚੈਕਿੰਗ ਕਰਨੀ ਹੈ। ਉਨ੍ਹਾਂ ਦੇ ਆਉਣ ਤੋਂ ਪਹਿਲਾਂ ਸਟੇਸ਼ਨ 'ਤੇ ਪੁਲਿਸ ਅਧਿਕਾਰੀ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ। ਪਲੇਟਫਾਰਮ ਨੰਬਰ 4 'ਤੇ ਲੋਕਾਂ ਦੀ ਭੀੜ ਜੁੜਣ ਲੱਗੀ। ਜਦੋਂ ਪੁਲਿਸ ਨੇ ਭੀੜ ਨੂੰ ਜੁੜਦੇ ਦੇਖਿਆ ਤਾਂ ਪਤਾ ਲੱਗਾ ਕਿ ਟਰੇਨ ਦੇ ਡੱਬੇ ਨੂੰ ਅੱਗ ਲੱਗੀ ਹੋਈ ਸੀ। ਅੱਗ ਦੀਆਂ ਲਪਟਾਂ ਨਿਕਲਣ ਲੱਗ ਪਈਆਂ। ਅੱਗ ਦੀਆਂ ਲਪਟਾਂ ਦੇਖ ਕੇ ਜੀਆਰਪੀ ਅਤੇ ਆਰਪੀਐਫ ਦੇ ਜਵਾਨ ਤੁਰੰਤ ਅੱਗ ਬੁਝਾਉਣ ਲਈ ਪੁੱਜੇ। ਇਸ ਦੇ ਨਾਲ ਹੀ ਸਟੇਸ਼ਨ 'ਤੇ ਮੌਜੂਦ ਵਿਕਰੇਤਾਵਾਂ ਨੇ ਅੱਗ 'ਤੇ ਕਾਬੂ ਪਾਉਣ ਲਈ ਪਾਣੀ ਦਾ ਪ੍ਰਬੰਧ ਕੀਤਾ। ਅੱਗ ਬੁਝਾਊ ਯੰਤਰਾਂ ਨਾਲ ਅੱਗ 'ਤੇ ਕਾਬੂ ਪਾਇਆ ਗਿਆ। ਜਾਣਕਾਰੀ ਦਿੰਦਿਆਂ ਡੀਐਸਪੀ ਬਲਰਾਮ ਰਾਣਾ ਅਤੇ ਇੰਸਪੈਕਟਰ ਜਸਕਰਨ ਸਿੰਘ ਨੇ ਦੱਸਿਆ ਕਿ ਅੱਗ ਲੱਗਣ ਦਾ ਪਤਾ ਲੱਗਦਿਆਂ ਹੀ ਜਵਾਨ ਤਿਆਰ-ਬਰ-ਤਿਆਰ ਹੋ ਗਏ। ਪਾਣੀ ਦੀਆਂ ਪਾਈਪਾਂ ਲਗਾ ਕੇ ਰੇਲ ਗੱਡੀ ਦੇ ਡੱਬਿਆਂ ਵਿੱਚ ਪਾਣੀ ਪਹੁੰਚਾਇਆ ਗਿਆ ਅਤੇ ਅੱਗ 'ਤੇ ਕਾਬੂ ਪਾਇਆ ਗਿਆ। ਹੁਣ ਤੱਕ ਦੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਅੱਗ ਲੱਗਣ ਦਾ ਕਾਰਨ ਇੱਕ ਯਾਤਰੀ ਵੱਲੋਂ ਬੀੜੀ ਪੀ ਕੇ ਅੰਦਰ ਸੁੱਟਣਾ ਹੈ। ਹੁਣ ਹਾਲਾਤ ਆਮ ਹਨ। ਕੋਈ ਜਾਨੂ ਨੁਕਸਾਨ ਨਹੀਂ ਸੀ.

# ਅਧਿਆਪਕਾਂ ਨੇ ਬਜਟ ਦੀਆਂ ਕਾਪੀਆਂ ਸਾੜੀਆਂ

**ਬਠਿੰਡਾ,**
**-ਰੋਜ਼ਾਨਾ ਸਵੇਰਾ-**

ਬੀਐੱਡ ਅਧਿਆਪਕ ਫਰੰਟ ਵੱਲੋਂ ਕਈ ਸਕੂਲਾਂ 'ਚ ਸਰਕਾਰ ਦੇ ਬਜਟ ਦੀਆਂ ਕਾਪੀਆਂ ਸਾੜੀਆਂ ਗਈਆਂ। ਅਧਿਆਪਕਾਂ ਦਾ ਰੋਸ ਰਿਹਾ ਕਿ ਬਜਟ 'ਚ ਅਧਿਆਪਕਾਂ ਲਈ ਕਿਸੇ ਸਹੂਲਤ ਦਾ ਜ਼ਿਕਰ ਨਹੀਂ। ਫਰੰਟ ਦੇ ਸੂਬਾ ਪ੍ਰੈੱਸ ਸਕੱਤਰ ਹਰਮੀਤ ਸਿੰਘ ਬਾਜਾਖਾਨਾ ਨੇ ਦੱਸਿਆ ਕਿ 'ਆਪ' ਨੇ ਸਰਕਾਰ ਬਣਨ ਤੋਂ ਪਹਿਲਾਂ ਪੇਅ ਕਮਿਸ਼ਨ ਦੇ ਬਕਾਇਆਂ, ਤਰੁੱਟੀਆਂ ਦੂਰ ਕਰਨ, ਡੀਏ ਦੇ ਬਕਾਏ, ਪੈਨਸ਼ਨਰਾਂ 'ਤੇ 2.59 ਦਾ ਫੈਕਟਰ ਲਾਗੂ ਕਰਨ।

# ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਸਾਂਝੇ ਉਦਮ ਬੇਹੱਦ ਜ਼ਰੂਰੀ : ਮੀਤ ਹੇਅਰ



**ਬਰਨਾਲਾ,**
**-ਰੋਜ਼ਾਨਾ ਸਵੇਰਾ-**

ਸਿਹਤ ਅਤੇ ਸਿੱਖਿਆ ਖੇਤਰ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਤਰਜੀਹ ਹਨ। ਪੰਜਾਬ ਸਰਕਾਰ ਦੇ ਨਾਲ ਨਾਲ ਆਮ ਲੋਕਾਂ ਤੇ ਸਮਾਜਸੇਵੀ ਸੰਸਥਾਵਾਂ ਵੱਲੋਂ ਇਸ ਮੁਹਿੰਮ ਵਿੱਚ ਯੋਗਦਾਨ ਪਾਉਣਾ ਬੇਹੱਦ ਸ਼ਲਾਘਾਯੋਗ ਹੈ। ਇਹ ਪ੍ਰਗਟਾਵਾ ਉਚੇਰੀ ਸਿੱਖਿਆ ਤੇ ਖੇਡ ਮੰਤਰੀ ਪੰਜਾਬ ਸ. ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਇੱਥੇ ਵਾਈਐੱਸ ਸਕੂਲ, ਬੱਸ ਸਟੈਂਡ ਰੋਡ ਵਿਖੇ ਬਰਨਾਲਾ ਵੈੱਲਫੇਅਰ ਕਲੱਬ ਅਤੇ ਲਾਇਨਜ਼ ਕਲੱਬ ਵੱਲੋਂ ਲਾਏ ਮੁਫਤ ਮੈਡੀਕਲ ਕੈਂਪ ਦੇ ਉਦਘਾਟਨ ਮਗਰੋਂ ਸੰਬੋਧਨ ਕਰਦਿਆਂ ਕੀਤਾ ਗਿਆ। ਇਸ ਮੌਕੇ ਬੋਲਦਿਆਂ ਉਨਾਂ ਕਿਹਾ ਕਿ ਸਿਹਤ ਸੇਵਾਵਾਂ ਨੂੰ ਬਿਹਤਰ ਅਤੇ ਆਮ ਲੋਕਾਂ ਲਈ ਪਹੁੰਚਯੋਗ ਬਣਾਉਣ ਲਈ ਅਜਿਹੇ ਸਾਂਝੇ ਉਦਮ ਬੇਹੱਦ ਜ਼ਰੂਰੀ ਹਨ। ਉਨਾਂ ਸਬੰਧਤ ਕਲੱਬਾਂ ਨੂੰ ਮੁਫ਼ਤ ਮੈਡੀਕਲ ਕੈਂਪ ਦੇ ਉਪਰਾਲੇ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਵਿਧਾਇਕ ਲਾਭ ਸਿੰਘ ਉਗੋਕੇ ਨੇ ਵੀ ਸਮਾਜਸੇਵੀ ਸੰਸਥਾਵਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਹੋਰਨਾਂ ਨੂੰ ਵੀ ਇਸ ਖੇਤਰ ਵਿੱਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਇਸ ਮੌਕੇ ਜ਼ਿਲਾ ਪੁਲੀਸ ਮੁਖੀ ਸੰਗਰੂਰ ਮਨਦੀਪ ਸਿੰਘ ਸਿੱਧੂ ਵੀ ਵਿਸ਼ੇਸ਼ ਤੌਰ 'ਤੇ ਪੁੱਜੇ। ਉਨਾਂ ਕਿਹਾ ਕਿ ਅੱਜਕੱਲ ਦੀ ਜੀਵਨਸ਼ੈਨੀ ਵਿਚ ਸਿਹਤ ਸਬੰਧੀ ਦਿੱਕਤਾਂ ਵੱਡੀ ਗਿਣਤੀ ਵਿਚ ਲੋਕਾਂ ਨੂੰ ਪੇਸ਼ ਆ ਰਹੀਆਂ ਹਨ ਤੇ ਮਰੀਜ਼ਾਂ ਨੂੰ ਘਰਾਂ ਦੇ ਨੇੜੇ ਸਿਹਤ ਸਹੂਲਤਾਂ ਮਿਲਣੀਆਂ ਬੇਹੱਦ ਜ਼ਰੂਰੀ ਹਨ। ਉਨਾਂ ਕਿਹਾ ਕਿ ਅਜਿਹੇ ਉਪਰਾਲੇ ਕਰਨ ਸਭ ਤੋਂ ਵੱਡਾ ਭਲਾਈ ਦਾ ਕੰਮ ਹੈ। ਇਸ ਮੌਕੇ ਸਿਵਲ ਸਰਜਨ ਬਰਨਾਲਾ ਡਾ. ਜਸਬੀਰ ਸਿੰਘ ਔਲਖ ਨੇ ਦੱਸਿਆ ਕਿ ਸਿਵਲ ਹਸਪਤਾਲ ਵੱਲੋਂ ਮੋਬਾਈਲ ਮੈਡੀਕਲ ਯੂਨਿਟ ਕੈਂਪ ਵਿੱਚ ਭੇਜੀ ਗਈ ਹੈ।

# ਰੌਟਰੀ ਕਲੱਬ ਮਿਡ ਟਾਉਨ ਸਮਾਜ ਸੇਵਾ ਵਿੱਚ ਨਿਭਾ ਰਿਹਾ ਹੈ ਮੋਹਰੀ ਤੇ ਅਹਿਮ ਭੂਮਿਕਾ : ਡੀ.ਐਸ.ਓ ਸਾਸ਼ਵਤ ਰਾਜਦਾਨ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਰੌਟਰੀ ਇੰਟਰਨੈਸ਼ਨਲ ਡਿਸਟ੍ਰਿਕਟ 3090 ਦੇ ਡਿਸਟ੍ਰਿਕਟ ਗਵਰਨਰ ਐਡਵੋਕੇਟ ਗੁਲਬਹਾਰ ਰਾਟੌਲ ਦੀ ਸਰਪ੍ਰਸਤੀ ਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਟਿਆਲਾ ਖੇਤਰ ਵਿੱਚ ਆਪਣੀਆਂ ਸਮਾਜਸੇਵੀ ਗਤੀਵਿਧੀਆਂ ਨਾਲ ਮੋਹਰੀ ਭੂਮਿਕਾ ਨਿਭਾ ਰਹੇ ਰੌਟਰੀ ਕਲੱਬ ਪਟਿਆਲਾ ਮਿਡ ਟਾਊਨ ਵਲੋਂ ਸਮਾਜ ਸੇਵੀ ਵਾਤਾਵਰਣ ਤੇ ਕਲਾ ਪ੍ਰੇਮੀ ਪ੍ਰਧਾਨ ਭਗਵਾਨ ਦਾਸ ਗੁੱਪਤਾ ਸਰਪ੍ਰਸਤ ਰੈਡ ਕਰਾਸ ਪਟਿਆਲਾ ਬ੍ਰਾਂਚ ਵਲੋਂ ÷ਸਾਫ਼ ਪਾਣੀ ਸੁੱਧ ਵਾਤਾਵਰਣ÷ ਮੁਹਿੰਮ ਦੀ ਸ਼ੁਰੂਆਤ ਸਾਹੀ ਸਹਿਰ ਦੇ ਪ੍ਰਸਿੱਧ ਖੇਡ ਸਥਾਨ ਪੋਲੋ ਗਰਾਊਂਡ ਤੋ ਕੀਤੀ ਗਈ। ਪ੍ਰੋਗਰਾਮ ਦੇ ਮੁੱਖ ਮਹਿਮਾਨ ਜ਼ਿਲ੍ਹਾ ਖੇਡ ਅਧਿਕਾਰੀ ਸਾਸਵਤ ਰਾਜਦਾਨ ਨੇ ਰੌਟਰੀ ਕਲੱਬ ਪਟਿਆਲਾ ਮਿਡ ਟਾਊਨ ਵਲੋਂ ਫ਼ਲਦਾਰ, ਛਾਂਦਾਰ, ਸਜਾਵਟੀ ਤੇ ਆਯੁਰਵੈਦਿਕ ਪੌਦੇ ਲਗਾਕੇ ਨਵੀਂ ਮੁਹਿੰਮ ਦੀ ਸ਼ੁਰੂਆਤ ਕੀਤੀ।

ਕਲੱਬ ਦੇ ਪ੍ਰਧਾਨ ਸਮਾਜ ਸੇਵੀ ਵਾਤਾਵਰਣ ਤੇ ਕਲਾ ਪ੍ਰੇਮੀ ਭਗਵਾਨ ਦਾਸ ਗੁੱਪਤਾ ਸਰਪ੍ਰਸਤ ਰੈਡ ਕਰਾਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸੇ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਸਿਚਾਈ ਵਿਭਾਗ,ਵਣ ਵਿਭਾਗ ਤੇ ਬਾਗਬਾਨੀ ਵਿਭਾਗ ਦੇ ਸਹਿਯੋਗ ਨਾਲ ਪੂਰੇ ਚੌਮਾਸੇ ਦੌਰਾਨ ਸਹਿਰ ਦੀਆ ਵੱਖ ਵੱਖ ਥਾਵਾਂ ਤੇ ਹਰ ਤਰ੍ਹਾਂ ਦੇ ਫਲਦਾਰ, ਛਾਂ ਦਾਰ,ਮੈਡੀਸ਼ਨਲ ਤੇ ਸਜਾਵਟੀ ਪੌਦੇ ਲਗਾਏ ਜਾਣਗੇ। ਇਸ ਮੁਹਿੰਮ ਤਹਿਤ ਹੀ ਪੋਲੋ ਗਰਾਊਂਡ ਵਿਖੇ ਪਰੈਕਟਿਸ ਕਰਨ ਵਾਲੇ ਖਿਡਾਰੀਆਂ,ਕੋਚ ਸਾਹਿਬਾਨਾਂ ਅਤੇ ਆਮ ਲੋਕਾਂ ਨੂੰ ਸਾਫ਼ ਤੇ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਦੇ ਮੰਤਵ ਵਜੋਂ ਕਲੱਬ ਵਲੋਂ ਇੱਕ ਵਾਟਰ ਕੂਲਰ ਲਗਾਇਆ ਜਾਵੇਗਾ। ਇਸ ਪ੍ਰੋਜੈਕਟ ਦੇ ਚੇਅਰਮੈਨ ਸਾਬਕਾ ਪ੍ਰਧਾਨ ਰੌਟੇਰੀਅਨ ਕੌਸ਼ਲ ਰਾਓ ਸਿੰਗਲਾ ਤੇ ਵਾਈਸ ਪ੍ਰੋਜੈਕਟ ਚੇਅਰਮੈਨ ਭੀਮ ਸੈਨ ਗੇਰਾ ਚੇਅਰਮੈਨ ਪਰਿਆਵਰਣ ਕੇਅਰ ਸੁਸਾਇਟੀ ਪਟਿਆਲਾ ਸਨ। ਇਸ ਵਿੱਚ ਡਾ.ਅਜੇ ਗੁਪਤਾ ਸਾਬਕਾ ਜਿਲਾ ਸਿਹਤ ਅਧਿਕਾਰੀ, ਵੀ.ਕੇ. ਢੂਡੀਆਂ ਸਾਬਕਾ ਜਨਰਲ ਮੈਨੈਜਰ ਮਾਰਕਫੈੱਡ, ਲਕਸ਼ਮੀ ਗੁਪਤਾ ਸਾਬਕਾ ਮੈਨੇਜਰ ਭਾਰਤੀ ਖੁਰਾਕ ਨਿਗਮ ਨੇ ਵੀ ਅਹਿਮ ਭੂਮਿਕਾ ਨਿਭਾਈ।ਸਮਾਗਮ ਨੂੰ ਸਾਬਕਾ ਡਿਸਟ੍ਰਿਕਟ ਗਵਰਨਰ ਤੇ ਕਲੱਬ ਦੇ ਸਲਾਹਕਾਰ ਸਵਤੰਤਰ ਰਾਜ ਪਾਸੀ ਅਤੇ ਸੀਨੀਅਰ ਰੋਟੇਰੀਅਨ ਮੈਬਰ ਬੋਰਡ ਆਫ਼ ਡਾਇਰੈਕਟਰ ਹਰਬੰਸ ਬਾਂਸਲ ਨੇ ਵੀ ਸੰਬੋਧਨ ਕੀਤਾ। ਸਾਬਕਾ ਸਹਾਇਕ ਗਵਰਨਰ ਰੌਟਰੀ ਇੰਟਰਨੈਸ਼ਨਲ ਡਿਸਟ੍ਰਿਕਟ 3090 ਪ੍ਰਸਿੱਧ ਸਿਖਿੱਆ ਸਾਸਤਰੀ ਡਾ.ਆਕਾਸ਼ ਬਾਂਸਲ ਨੇ ਮੰਚ ਸੰਚਾਲਨ ਤੇ ਸਾਬਕਾ ਪ੍ਰਧਾਨ ਰਾਕੇਸ਼ ਸਿੰਗਲਾ ਨੇ ਸਾਰਜੈਂਟ ਆਰਮ ਦੀ ਅਹਿਮ ਭੂਮਿਕਾ ਬਾਖੂਬੀ ਨਿਭਾਈ।

ਮੁੱਖ ਮਹਿਮਾਨ ਜ਼ਿਲ੍ਹਾ ਖੇਡ ਅਧਿਕਾਰੀ ਸਾਸਵਤ ਰਾਜਦਾਨ ਨੇ ਰੌਟਰੀ ਕਲੱਬ ਪਟਿਆਲਾ ਮਿਡ ਟਾਊਨ ਵਲੋਂ ਸਮਾਜ ਸੇਵਾ ਦੇ ਹਰ ਖੇਤਰ ਵਿਚ ਨਿਭਾਈ ਜਾ ਰਹੀ ਮੋਹਰੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਆਪਣੇ ਵਿਭਾਗ ਵਲੋਂ ਵੀ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਕਲੱਬ ਵਲੋਂ ਮੁੱਖ ਮਹਿਮਾਨ ਨੂੰ ਸ਼ਾਨਦਾਰ ਯਾਦਗਾਰੀ ਚਿੰਨ੍ਹ ਦੇਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਯੁਕਤ ਸਕੱਤਰ ਸਾਬਕਾ ਪ੍ਰਧਾਨ ਐਨ.ਕੇ.ਜੈਨ ਕੋਚ ਸਾਹਿਬਾਨ ਅਤੇ ਖਿਡਾਰੀ ਵੀ ਹਾਜਰ ਸਨ।

ਫੋਟੋ ਕੈਪਸਨ: ਪੋਲੋ ਗਰਾਊਂਡ ਵਿਖੇ ਪੌਦੇ ਲਗਾਉਂਦੇ ਹੋਏ ਸਾਸ਼ਵਤ ਰਾਜਦਾਨ, ਪ੍ਰਧਾਨ ਭਗਵਾਨ ਦਾਸ ਗੁੱਪਤਾ, ਸਵਤੰਤਰ ਰਾਜ ਪਾਸੀ, ਹਰਬੰਸ ਬਾਂਸਲ, ਰਾਕੇਸ਼ ਸਿੰਗਲਾ ਤੇ ਕਲੱਬ ਮੈਂਬਰ।

# ਵਿਭਾਗ ਕੋਲ ਭੇਜੀ ਸ਼ਿਕਾਇਤ ਤੋਂ ਭੜਕੇ ਅਧਿਆਪਕਾਂ ਵੱਲੋਂ ਸਕੂਲ ਦਾ ਅਕਸ ਵਿਗਾੜਨ ਦੀ ਕੋਸ਼ਿਸ - ਮੈਨੇਜਮੈਂਟ

**ਪਟਿਆਲਾ,**
**-ਰੋਜ਼ਾਨਾ ਸਵੇਰਾ-**




ਲੰਘੇ ਦਿਨੀ ਮਹਿੰਦਰਾ ਕੰਨਿਆਂ ਮਹਾ ਵਿਦਿਆਲਾ ਦੇ ਕੁਲ ਅਧਿਆਪਕਾਂ ਵੱਲੋਂ ਮੀਡੀਆ ਦੇ ਵੱਖ-ਵੱਖ ਸਾਧਨਾਂ ਰਾਹੀ ਸਕੂਲ ਦਾ ਅਕਸ ਵਿਗਾੜਨ ਦੀ ਕੋਸ਼ਿਸ ਕੀਤੀ ਜਾ ਰਹੀ ਹੈ। ਜਦੋਂਕਿ ਉਨ੍ਹਾਂ ਚਾਰ ਅਧਿਆਪਕਾ ਖਿਲਾਫ ਡੀ.ਪੀ.ਆਈ. ਅਤੇ ਸਕੂਲ ਮੈਨੇਜਮੈਂਟ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਫੈਸਲਾ ਵਿਚਾਰ ਅਧੀਨ ਹੈ। ਇਸ ਸੰਬੰਧੀ ਸਕੂਲ ਪ੍ਰਸ਼ਾਸਨ ਵੱਲੋਂ ਸ਼ਪਸ਼ਟੀਕਰਨ ਦਿੰਦੇ ਹੋਏ ਦੱਸਿਆ ਗਿਆ ਕਿ ਸਕੂਲ ਦੇ ਕੁਝ ਅਧਿਆਪਕਾਂ ਵੱਲੋਂ ਜਾਣ ਬੁਝ ਕੇ ਅਤੇ ਆਪਣੇ ਖਿਲਾਫ ਡੀ.ਪੀ.ਆਈ. ਅਤੇ ਸਕੂਲ ਮੈਨੇਜਮੈਂਟ ਕੋਲ ਪਹੁੰਚੀ ਸ਼ਿਕਾਇਤ ਤੋਂ ਭੜਕ ਕੇ ਇਹੋ ਜਿਹੀ ਹਰਕਤ ਕੀਤੀ ਜਾ ਰਹੀ ਹੈ। ਸਕੂਲ ਪ੍ਰਿੰਸੀਪਲ - ਜਿੰਦਰਜੀਤ ਢਿਲੋਂ ਨੇ ਦੱਸਿਆ ਕਿ ਬਿਨ੍ਹਾਂ ਕਿਸੇ ਸਿੱਖਿਆ ਵਿਭਾਗ ਅਤੇ ਮੈਨੇਜਮੈਂਟ ਦੇ ਫੈਸਲੇ ਤੋਂ ਸਕੂਲ ਮੈਨੇਜਮੈਂਟ ਦੇ ਖਿਲਾਫ ਦੋਸ਼ ਲਗਾਉਣੇ ਗਲਤ ਹਨ, ਜਦੋਂ ਤੱਕ ਡੀ.ਪੀ.ਆਈ. ਵਿਭਾਗ ਅਤੇ ਸਕੂਲ ਮੈਨੇਜਮੈਂਟ ਆਪਣਾ ਤੋਂ ਫੈਸਲਾ ਨਹੀਂ ਆਉਂਦਾ, ਉਦੋਂ ਤੱਕ ਕੁਝ ਵੀ ਕਹਿਣਾ ਗਲਤ ਹੈ। ਉਨ੍ਹਾਂ ਕਿਹਾ ਕਿ ਉਕਤ ਅਧਿਆਪਕਾ ਵੱਲੋਂ ਸਕੂਲ ਮੈਨੇਜਮੈਂਟ ਖਿਲਾਫ ਦੋਸ਼ਾ ਨੂੰ ਲਗਾਉਣਾ ਅਤੇ ਸਕੂਲ ਵਿੱਚ ਹੋਰਨਾਂ ਅਧਿਆਪਕਾਂ ਅਤੇ ਮੈਨੇਜਮੈਂਟ ਨੂੰ ਮਾੜੀ ਸ਼ਬਦਾਵਲੀ ਬੋਲਣਾ, ਅਨੁਸ਼ਾਸ਼ਨਹੀਨਤਾ ਅਤੇ ਸਕੂਲ ਦਾ ਅਕਸ ਖਾਰਬ ਕਰਨ ਲਈ ਜਾਣ ਬੁਝ ਕੇ ਕੀਤੀਆਂ ਸ਼ਿਕਾਇਤਾਂ ਖਿਲਾਫ ਉਕਤ ਅਧਿਆਪਕਾਂ ਵਿੱਚੋਂ ਇੱਕ ਨੂੰ ਜਾਂਚ ਦੇ ਪੂਰਾ ਹੋਣ ਤੱਕ ਸਸਪੈਂਡ ਕੀਤਾ ਗਿਆ। ਜਦੋਂ ਕਿ ਦੂਸਰੇ ਅਧਿਆਪਕਾਂ ਖਿਲਾਫ ਮੈਨੇਜਮੈਂਟ ਵੱਲੋਂ ਦੂਸਰੀ ਵਾਰ ਕਾਰਨ ਦੱਸੋ ਨੋਟਿਸ ਭੇਜੇ ਜਾ ਚੁੱਕੇ ਹਨਿ, ਜਿਸ ਕਾਰਨ ਫੈਸਲਾ ਵਿਚਾਰ ਅਧੀਨ ਹੈ। ਇਸ ਤੋਂ ਇਲਾਵਾ ਉਕਤ ਅਧਿਆਪਕਾਂ ਵਿੱਚੋਂ ਇੱਕ ਅਧਿਆਪਕਾ ਵੱਲੋਂ ਡੀ.ਪੀ.ਆਈ. ਵਿਭਾਗ ਤੇ ਕੁਝ ਕਲਰਕ ਕਰਮਚਾਰੀਆਂ ਨੂੰ ਜਾਂਚ ਦੀ ਫਾਇਲ ਦੱਬ ਰੱਖਣ ਦੇ ਦੋਸ਼ ਵੀ ਲਗਾਏ ਹਨ। ਇਸ ਮੌਕੇ ਤੇ ਗੱਲਬਾਤ ਕਰਦਿਆਂ ਸਕੂਲ ਪ੍ਰਸ਼ਾਸ਼ਨ ਨੇ ਦੱਸਿਆ ਕਿ ਉਕਤ ਅਧਿਆਪਕਾ ਵਿੱਚੋਂ ਇੱਕ ਸੀਨੀਅਰ ਅਧਿਆਪਕਾ ਵੱਲੋਂ ਸਕੂਲ ਦੇ ਰਿਕਾਰਡ ਨਾਲ ਛੇੜਛਾੜ ਵੀ ਕੀਤੀ ਗਈ ਸੀ ਜਿਸ ਸੰਬੰਧੀ ਸਕੂਲ ਪ੍ਰਸ਼ਾਸ਼ਨ ਕੋਲ ਉਕਤ ਅਧਿਆਪਕਾ ਦੀ ਵੀਡਿਓ ਵੀ ਮੌਜੂਦ ਹੈ ਅਤੇ ਇਹ ਵੀਡਿਓ ਜਿਲ੍ਹਾ ਸਿੱਖਿਆ ਅਫਸਰ ਸਮੇਤ ਡੀ.ਪੀ.ਆਈ. ਨੂੰ ਵੀ ਭੇਜੀ ਗਈ ਹੈ, ਜਿਸ ਤੇ ਫਿਲਹਾਲ ਕਾਰਵਾਈ ਨਹੀਂ ਹੋਈ ਹੈ। ਇਸ ਤੋਂ ਇਲਾਵਾ ਇਸੇ ਅਧਿਆਪਕਾ ਵੱਲੋਂ ਕਰੋਨਾ ਕਾਲ ਸਮੇਂ ਦੌਰਾਨ ਤਕਰੀਬਨ ਸੱਤ ਮਹੀਨੇ ਸਕੂਲ ਪ੍ਰਸ਼ਾਸ਼ਨ ਨੂੰ ਬਿਨ੍ਹਾ ਸੂਚਿਤ ਕੀਤੇ ਸਕੂਲ ਤੋਂ ਗੈਰ-ਹਾਜ਼ਰ ਰਹਿਣ ਦੀ ਵੀ ਜਾਣਕਾਰੀ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਦਿੱਤੀ ਜਾ ਚੁੱਕੀ ਹੈ। ਉਕਤ ਤੋਂ ਇਲਾਵਾ ਦੋ ਹੋਰਨਾਂ ਅਧਿਆਪਕਾਂ ਨੇ ਇਸ ਅਧਿਆਪਕਾ ਨਾਲ ਮਿਲਕੇ ਸਕੂਲ ਖਿਲਾਫ ਘਪਲੇਬਾਜੀ ਤੇ ਹੋਰਨਾਂ ਸ਼ਿਕਾਇਤਾ ਸੰਬੰਧੀ ਵਿਭਾਗ ਨੂੰ ਸ਼ਿਕਾਇਤ ਕੀਤੀ ਗਈ, ਜਿਸਤੇ ਸਿੱਖਿਆ ਵਿਭਾਗ ਵੱਲੋਂ ਬਿਨ੍ਹਾਂ ਕਿਸੇ ਨੋਟਿਸ ਦੇ ਚੈਕਿੰਗ ਅਤੇ ਪੜਤਾਲ ਕੀਤੀ ਗਈ, ਪਰ ਉਸ ਪੜਤਾਲ ਦੀ ਜਾਂਚ ਰਿਪੋਰਟ ਢਾਈ ਮਹੀਨੇ ਬੀਤ ਜਾਣ ਤੋਂ ਬਾਅਦ ਵੀ ਸਕੂਲ ਨੂੰ ਨਹੀਂ ਦਿੱਤੀ ਗਈ। ਮੈਨੇਜਮੈਂਟ ਨੇ ਹੋਰ ਦੱਸਿਆ ਕਿ ਉਕਤ ਅਧਿਆਪਕਾ ਸਮੇਤ ਤਿੰਨ ਹੋਰਨਾਂ ਅਧਿਆਪਕਾਂ ਨੂੰ ਵੀ ਵੱਖ-ਵੱਖ ਸਮੇਂ ਤੇ ਕਾਰਣ ਦੱਸੋ ਨੋਟਿਸ ਭੇਜੇ ਜਾਂਦੇ ਹਨ ਤਾਂ ਅਧਿਆਪਕਾਂ ਵੱਲੋਂ ਜਵਾਬ ਦੀ ਜਗ੍ਹਾ ਮੈਨੇਜਮੈਂਟ ਦੀ ਹੋਂਦ ਤੇ ਹੀ ਸਵਾਲ ਚੁੱਕੇ ਗਏ ਹਨ। ਜਦੋਂ ਕਿ ਉਕਤ ਮੈਨੇਜਮੈਂਟ ਨੇ ਹੀ ਉਨ੍ਹਾਂ ਦੇ ਨਿਯੁਕਤੀ ਪੱਤਰ ਜਾਰੀ ਕੀਤੇ ਹੋਏ ਹਨ। ਇਸ ਮੌਕੇ ਸਕੂਲ ਪ੍ਰਿੰਸੀਪਲ ਢਿਲੋਂ ਨੇ ਦੱਸਿਆ ਕਿ ਉਕਤ ਅਧਿਆਪਕਾਂ ਵਿੱਚੋਂ ਇੱਕ ਅਧਿਆਪਕਾ ਦੀ ਜਾਂਚ ਡੀ.ਪੀ.ਆਈ. ਵਿਭਾਗ ਅਤੇ ਹੋਰਨਾਂ ਤਿੰਨ ਦੀ ਜਾਂਚ ਸਕੂਲ ਮੈਨੇਜਮੈਂਟ ਵੱਲੋਂ ਕੀਤੀ ਜਾ ਰਹੀ ਹੈ। ਡੀ.ਪੀ.ਆਈ. ਵਿਭਾਗ ਵੱਲੋਂ ਫੈਸਲਾ ਆਉਣ ਤੋ ਬਾਦ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਇਸ ਮਾਮਲੇ ਸੰਬੰਧੀ ਡੀ.ਪੀ.ਆਈ. ਵਿਭਾਗ ਵੱਲੋਂ ਸ਼ਿਕਾਇਤਕਰਤਾ ਅਤੇ ਸਕੂਲ ਪ੍ਰਸ਼ਾਸ਼ਨ ਨੂੰ ਹਾਜ਼ਿਰ ਹੋਣ ਲਈ ਮੁੱਖ ਦਫਤਰ ਵਿਖੇ ਬੁਲਾਇਆ ਗਿਆ ਹੈ। ਸਕੂਲ ਪ੍ਰਸ਼ਾਸ਼ਨ ਇਸ ਮਾਮਲੇ ਸੰਬੰਧੀ ਰਿਕਾਰਡ ਸਮੇਤ ਡੀ.ਪੀ.ਆਈ. ਦਫਤਰ ਵਿਖੇ ਅਗਲੇ ਹਫਤੇ ਹਾਜ਼ਰ ਹੋਵੇਗਾ।

# ਹਲਕਾ ਸ਼ੁਤਰਾਣਾ ਤੋਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵਲੋਂ ਦਫ਼ਤਰ ਵਿਖੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ



ਪਾਤੜਾਂ,
-ਰੋਜ਼ਾਨਾ ਸਵੇਰਾ-
ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਹਲਕਾ ਸ਼ੁਤਰਾਣਾ ਤੋਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵਲੋਂ ਆਪਣੇ ਦਫਤਰ ਵਿਖੇ ਲੋਕਾਂ ਦੀਆਂ ਸਮੱਸਿਆਂਵਾਂ ਸੁਣੀਆਂ ਜਿੱਥੇ ਲੋਕ ਆਪਣੀਆਂ ਸਮੱਸਿਆਵਾਂ ਲੈਕੇ ਆਏ ਜਿਨ੍ਹਾਂ ਦਾ ਮੋਕੇ ਤੇ ਹੀ ਨਿਪਟਾਰਾ ਕੀਤਾ ਗਿਆ ।ਇਸ ਮੋਕੇ ਤੇ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਲੋਕਾਂ ਨੇ ਆਮ ਆਦਮੀ ਪਾਰਟੀ ਤੇ ਭਰੋਸਾ ਕਰਕੇ ਪੰਜਾਬ ਚ ਆਪਣੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਹੈ ਹੁਣ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਵਾਉਣ ਲਈ ਇੰਤਜ਼ਾਰ ਕਰਨ ਦੀ ਲੋੜ ਨਹੀਂ ਪੈਂਦੀ ਕੰਮ ਪਹਿਲ ਦੇ ਆਧਾਰ ਤੇ ਕੀਤੇ ਜਾਣਗੇ ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਲਈ ਹੀ ਕੰਮ ਕਰ ਰਹੀ ਹੈ ਹਲਕੇ ਦੇ ਲੋਕਾਂ ਨੇ ਮੈਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਹੈ ਮੈਂ ਲੋਕਾਂ ਦੀ ਸੇਵਾ ਲਈ ਸਦਾ ਹਾਜ਼ਰ ਰਹਾਂਗਾ। ਵਿਧਾਇਕ ਕੁਲਵੰਤ ਸਿੰਘ ਨੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਨਵੀਂ ਚੁਣੀ ਕੈਵਿਨਟ ਚ ਚੁਣੇ ਗਏ ਵਿਧਾਇਕਾਂ ਨੂੰ ਮੁਬਾਰਕਾਂ ਦਿੰਦਾਂ ਹਾਂ ਆਸ ਕਰਦੇ ਹਾਂ ਕਿ ਸਾਡੇ ਨਵੇ ਬਣੇ ਮੰਤਰੀ ਲੋਕਾਂ ਦੀਆਂ ਉਮੀਦਾਂ ਤੇ ਖਰੇ ਉਤਰਨਗੇ ਉਨ੍ਹਾਂ ਅੱਗੇ ਕਿਹਾ ਕਿ ਮੈਨੂੰ ਮਾਣ ਹੈ ਕਿ ਮੇਰੇ ਇਲਾਕੇ ਨਾਲ ਸਬੰਧੰਤ ਹਲਕਾ ਸਮਾਣਾ ਤੋਂ ਵਿਧਾਇਕ ਚੈਤਨ ਸਿੰਘ ਜੋੜਾਮਾਜਰਾ ਪੰਜਾਬ ਦੇ ਸਿਹਤ ਮੰਤਰੀ ਬਣੇ ਹਨ ਜਿਨ੍ਹਾਂ ਦੀ ਅਗਵਾਈ ਹੇਠ ਇਲਾਕੇ ਦੇ ਹਸਪਤਾਲਾਂ ਸਿਹਤ ਕੇਂਦਰਾਂ ਦਾ ਸੁਧਾਰ ਕੀਤਾ ਜਾਵੇਗਾ।
ਇਸ ਮੌਕੇ ਨੰਦ ਲਾਲ ਸ਼ਰਮਾ ਘੱਗਾ ਸ਼ਹਿਰੀ ਪ੍ਰਧਾਨ, ਰਿੰਕੂ ਗਰਗ ਪੀ,ਏ, ਹਲਕਾ ਵਿਧਾਇਕ, ਚਮਕੌਰ ਨਾੜੂ,ਰਾਜ ਘੱਗਾ,ਕਾਲਾ ਬੇਨੀਪਾਲ, ਧਰਮਾਂ ਘੱਗਾ, ਮਹਿੰਗਾ ਸਿੰਘ,ਅਮਰੀਕ ਹਰਿਆਊ ,ਹਰਦੀਪ ਸ਼ਾਹਪੁਰ, ਅਵਤਾਰ ਸਿੰਘ, ਸੁਰਜੀਤ ਸਿੰਘ ਫੌਜੀ, ਰਣਜੀਤ ਸਿੰਘ,ਲਾਡੀ ਜੋੜਾਮਾਜਰਾ ਮਿਠੂ ਸਿੰਘ ਘੱਗਾ ਪਰਮਿੰਦਰ ਪੰਮਾ, ਆਦਿ ਹਾਜ਼ਰ ਸਨ।

# ਹੁਨਰ ਵਿਕਾਸ ਮਿਸ਼ਨ ਨੂੰ ਹੁਲਾਰਾ ਦੇਣ ਲਈ, ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਕਮੇਟੀ ਦੀ ਮੀਟਿੰਗ



ਬਰਨਾਲਾ,
-ਰੋਜ਼ਾਨਾ ਸਵੇਰਾ-
ਪੰਜਾਬ ਹੁਨਰ ਵਿਕਾਸ ਮਿਸ਼ਨ ਪ੍ਰੋਗਰਾਮ ਨੂੰ ਜ਼ਿਲੇ ਵਿਚ ਹੁਲਾਰਾ ਦੇਣ ਸਬੰਧੀ ਅੱਜ ਡਿਪਟੀ ਕਮਿਸ਼ਨਰ ਡਾ. ਹਰੀਸ਼ ਨਈਅਰ ਦੀ ਅਗਵਾਈ ’ਚ ਇੱਥੇ ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਚ ਜ਼ਿਲਾ ਹੁਨਰ ਵਿਕਾਸ ਕਮੇਟੀ ਦੀ ਅਹਿਮ ਮੀਟਿੰਗ ਹੋਈ।
ਮੀਟਿੰਗ ਵਿਚ ਜ਼ਿਲਾ ਸਕਿੱਲ ਮੈਨੇਜਰ ਕੰਵਲਦੀਪ ਵਰਮਾ ਨੇ ਦਸਿਆ ਕਿ ਜ਼ਿਲਾ ਬਰਨਾਲਾ ਵਿਖੇ ਲੋੜੀਂਦੇ ਟ੍ਰੇਨਿੰਗ ਪ੍ਰੋਗਰਾਮ ਚਲਾਉਣ ਹਿੱਤ ਉਦਯੋਗਾਂ ਦੀ ਮੁੱਖ ਲੋੜ ਤਿਆਰ ਕਰਨ ਲਈ ਵਾਜ਼ੀਰ ਪ੍ਰਾਈਵੇਟ ਲਿਮਟਿਡ ਕੰਪਨੀ ਨਾਲ ਭਾਈਵਾਲੀ ਕੀਤੀ ਗਈ ਹੈ ਤਾਂ ਜੋ ਜ਼ਿਲਾ ਬਰਨਾਲਾ ’ਚ ਮਿਸ਼ਨ ਅਧੀਨ ਵੱਖ ਵੱਖ ਕੋਰਸਾਂ ਦੀ ਚੋਣ ਕੀਤੀ ਜਾ ਸਕੇ। ਉਨਾਂ ਦੱਸਿਆ ਕਿ ਮਿਸ਼ਨ ਅਧੀਨ ਵੱਖ ਵੱਖ ਸਕੀਮਾਂ ਲਈ ਚੁਣੇ ਗਏ ਸ਼ਹਿਰੀ ਅਤੇ ਪੇਂਡੂ ਗਰੀਬ ਬੇਰੁਜ਼ਗਾਰ ਨੌਜਵਾਨਾਂ ਨੂੰ ਹੁਨਰ ਵਿਕਾਸ ਸੰਬਧੀ ਸਿਖਲਾਈ ਦਿੱਤੀ ਜਾਂਦੀ ਹੈ। ਉਨਾਂ ਦੱਸਿਆ ਕਿ ਇਨਾਂ ਫਰਮਾਂ/ਕੰਪਨੀਆਂ ਵੱਲੋਂ ਜ਼ਿਲਾ ਬਰਨਾਲਾ ਵਿਖੇ ਸਕਿੱਲ ਸੈਂਟਰ ਚਲਾਏ ਜਾ ਰਹੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਹੁਨਰ ਵਿਕਾਸ ਸਕੀਮਾਂ ਲਈ ਨੌਜਵਾਨਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰ ਕੇ ਸਕੀਮਾਂ ਦਾ ਲਾਭ ਦੇਣ ’ਤੇ ਜ਼ੋਰ ਦਿੱਤਾ। ਇਸ ਮੌਕੇ ਮੈਨੇਜਰ ਮਿਸ. ਰੇਨੂ ਬਾਲਾ, ਪਲੇਸਮੈਂਟ ਅਫਸਰ ਗੌਰਵ ਕੁਮਾਰ, ਜ਼ਿਲਾ ਉਦਯੋਗ ਅਫਸਰ ਸੁਬੋਧ ਜਿੰਦਲ ਤੇ ਟ੍ਰਾਈਡੈਂਟ ਗਰੁੱਪ ਤੋਂ ਗੌਰਵ ਮੋਦੀ ਹਾਜ਼ਰ ਸਨ।

# ਤਿੰਨ ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਸਫਾਈ ਸੇਵਕਾਂ ਨੇ ਕੀਤੀ ਹੜਤਾਲ, ਨਗਰ ਦਾ ਹੋਇਆ ਮੰਦਾ ਹਾਲ



ਧਨੌਲਾ,
-ਰੋਜ਼ਾਨਾ ਸਵੇਰਾ-
ਨਗਰ ਕੌਂਸਲ ਧਨੌਲਾ ਕਿਸੇ ਨਾ ਕਿਸੇ ਕਾਰਨਾਂ ਕਰ ਕੇ ਹਮੇਸ਼ਾ ਚਰਚਾ ਵਿਚ ਰਹਿੰਦੀ ਹੈ, ਇਸ਼ੇ ਤਹਿਤ ਅੱਜ ।ਨਗਰ ਕੌਂਸਲ ਧਨੌਲਾ ਦੁਬਾਰਾ ਫੇਰ ਚਰਚਾ ਵਿੱਚ ਉਸ ਸਮੇਂ ਆਈ ਜਦੋਂ ਆਪਣੀਆਂ ਤਨਖਾਹਾਂ ਨਾ ਮਿਲਣ ਕਾਰਨ ਸਫਾਈ ਸੇਵਕਾਂ ਨੇ ਅਣਮਿੱਥੇ ਸਮੇਂ ਲਈ ਕੰਮਕਾਜ ਠੱਪ ਕਰ ਹੜਤਾਲ ਕਰ ਦਿੱਤੀ,। ਅਤੇ ਪੰਜਾਬ ਸਰਕਾਰ ਸਮੇਤ ਨਗਰ ਕੌਸ਼ਲ ਦੇ ਪ੍ਰਧਾਨ ਖਿਲਾਫ ਜੰਮ ਕੇ ਨਾਅਰੇਬਾਜੀ ਕੀਤੀ।
ਨਗਰ ਕੌਂਸਲ ਧਨੌਲਾ ਦੇ ਵਿਹੜੇ ਚ, ਧਰਨੇ ਤੇ ਬੈਠੇ ਸਫਾਈ ਸੇਵਕ ਬੂਟਾ ਸਿੰਘ, ਰਾਮਨਿਵਾਸ ਸਤਨਾਮ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸਾਨੂੰ ਕੱਚੇ ਮੁਲਾਜਮਾਂ ਨੂੰ ਪਿਛਲੇ ਚਾਰ ਮਹੀਨਿਆਂ ਤੋਂ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ ਤੇ ਕੰਮ ਸਭ ਤੋਂ ਹਰ ਰੋਜ਼ ਕਰਵਾਇਆ ਜਾ ਰਿਹਾ, ਸਾਡੇ ਠੇਕਾ ਅਧਾਰਿਤ ਕੱਚੇ ਮੁਲਾਜਮਾਂ ਤੋਂ ਉਹ ਕੰਮ ਵੀ ਕਰਵਾਇਆ ਜਾ ਰਿਹਾ ਜੋ ਕੰਮ ਸਵੱਛ ਭਾਰਤ ਅਧੀਨ ਆਉਦੇ ਹਨ। ਪਰ ਤਨਖਾਹ ਸਾਨੂੰ ਸਫਾਈ ਸੇਵਕਾ ਦੀ ਵੀ ਨਹੀਂ ਦਿੱਤੀ ਜਾਦੀਂ। ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਨਗਰ ਕੌਂਸਲ ਵਿਚ ਸਫਾਈ ਸੇਵਕ ਦੀਆਂ ਸੇਵਾਵਾਂ ਨਿਭਾ ਰਹੇ ਵਰਕਰਾਂ ਨੂੰ ਪਿਛਲੀ ਸਰਕਾਰ ਨੇ ਪੱਕੇ ਕਰਨ ਦਾ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਕਿ ਕੰਟਰੈਕਟ ਤੇ ਭਰਤੀ ਕੀਤੀ ਜਾਵੇਗੀ ਉਸ ਦੇ ਚੱਕਰ ਵਿੱਚ ਸਾਡੇ ਵਰਕਰਾਂ ਨੂੰ ਦਿਖਾ ਕੇ ਕਿਹਾ ਜਾਂਦਾ ਕਿ ਥੋਨੂੰ ਨੂੰ ਪੱਕੇ ਕਰਨ ਲਈ ਲਿਖ ਕੇ ਚੰਡੀਗੜ੍ਹ ਭੇਜਿਆ ਗਿਆ ਹੈ। ਉਨਾ ਕਿਹਾ ਕਿ ਨਗਰ ਕੌਂਸਲ ਧਨੌਲਾ ਕੋਲ ਹੋਰ ਫਾਲਤੂ ਖਰਚਿਆਂ ਲਈ ਤਾਂ ਲੱਖਾਂ ਰੁਪਏ ਆ ਜਾਂਦੇ ਹਨ।
ਪਰ ਸਫਾਈ ਸੇਵਕਾਂ ਨੂੰ ਤਨਖਾਹ ਦੇਣ ਲਈ ਇਕ ਪੈਸਾ ਵੀ ਨਹੀਂ ਨਿਕਲਦਾ ਉਨ੍ਹਾਂ ਭਰੇ ਮਨ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਸਫਾਈ ਸੇਵਕ ਦੇ ਭਤੀਜੇ ਦੀ ਮੌਤ ਹੋ ਗਈ ਜਿਸ ਦਾ ਸਸਕਾਰ ਕਰਨ ਲਈ ਵੀ ਪੈਸੇ ਨਹੀਂ ਸਨ ।ਉਹ ਵੀ ਅਸੀਂ ਬੜੀ ਮੁਸ਼ਕਲ ਨਾਲ ਇੱਕ ਦੂਸਰੇ ਤੋਂ ਇਕੱਠੇ ਕਰ ਕਰ ਕੇ ਸਸਕਾਰ ਕੀਤਾ ।
ਘਰੇ ਰਾਸ਼ਨ ਨਹੀਂ ਬੱਚਿਆਂ ਨੂੰ ਫੀਸਾਂ ਨਹੀਂ ਦਿੱਤੀਆਂ ਜਾ ਰਹੀਆਂ ਜਿਸ ਕਾਰਨ ਹੜਤਾਲ ਕਰਨੀ ਪੈ ਰਹੀ ਹੈ ਉਨ੍ਹਾਂ ਕਿਹਾ ਕਿ ਜੇ ਸਮਾਂ ਰਹਿੰਦੇ ਸਾਡੀਆਂ ਤਨਖਾਹਾਂ ਨਾ ਦਿੱਤੀਆਂ ਗਈਆਂ ਤਾਂ ਅਸੀਂ ਸੰਘਰਸ਼ ਹੋਰ ਤਿੱਖਾ ਕਰਾਂਗੇ ਇਸ ਸਮੇਂ ਬੂਟਾ ਸਿੰਘ, ਪੰਪ ਅਪ੍ਰੇਟਰ ਰਾਮਨਿਵਾਸ ਸਤਨਾਮ ਸਿੰਘ ,ਭਾਗ ਰਾਮ, ਪੱਪੀ ਰਾਮ ਸੋਨੀ, ਪਿੰਟੂ ਕੁਮਾਰ, ਜਗਸ਼ੀਰ ਸਿੰਘ, ਮੁਕੇਸ ਕੁਮਾਰ, ਗੋਗੀ, ਹਾਜਰ ਸਨ।

# ਸਰਕਾਰੀ ਹਾਈ ਸਕੂਲ ਲਾਲਿਆਂਵਾਲੀ ਦੇ 8 ਵਿਦਿਆਰਥੀਆਂ ਨੇ ਮੈਰੀਟੋਰੀਅਸ ਸਕੂਲ ਦਾਖਲਾ ਪ੍ਰੀਖਿਆ ਕੀਤੀ ਪਾਸ



ਹੀਰੋਂ ਖੁਰਦ,
-ਰੋਜ਼ਾਨਾ ਸਵੇਰਾ-
ਸਰਕਾਰੀ ਹਾਈ ਸਕੂਲ ਲਾਲਿਆਂਵਾਲੀ ਦੇ 8 ਵਿਦਿਆਰਥੀਆਂ ਨੇ ਮੈਰੀਟੋਰੀਅਸ ਸਕੂਲਾਂ ਵਿੱਚ ਪੜ੍ਹਨ ਦਾ ਸੁਪਨਾ ਪੂਰਾ ਹੋਣ ਜਾ ਰਿਹਾ ਹੈ। ਸਕੂਲ ਦੇ ਮੁੱਖ ਅਧਿਆਪਕ ਜਸਵਿੰਦਰ ਸਿੰਘ ਨੇ ਦੱਸਿਆ ਕਿ ਇਸ ਵਾਰ 29 ਮਈ ਨੂੰ ਹੋਈ ਪ੍ਰੀਖਿਆ ਵਿਚ ਸਕੂਲ ਦੇ 8 ਵਿਦਿਆਰਥੀ ਸਫ਼ਲ ਹੋਏ ਹਨ। ਉਨ੍ਹਾਂ ਸਫਲ ਹੋਏ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।ਉਨ੍ਹਾਂ ਦੱਸਿਆ ਕਿ ਪਾਸ ਹੋਣ ਵਾਲੇ ਵਿਦਿਆਰਥੀਆਂ ’ਚ ਹਰਮਨਪ੍ਰੀਤ ਕੌਰ, ਸ਼ਰਨਜੀਤ ਕੌਰ,ਸੰਦੀਪ ਕੌਰ,ਜਸਪ੍ਰੀਤ ਕੌਰ, ਸੁਖਪ੍ਰੀਤ ਕੌਰ, ਸੁਖਬੀਰ ਸਿੰਘ , ਹਰਮਨਪ੍ਰੀਤ ਸਿੰਘ, ਰਾਮ ਸਿੰਘ ਦੇ ਨਾਂ ਸ਼ਾਮਲ ਹਨ।
ਇਸ ਮੌਕੇ ਸਮੂਹ ਸਟਾਫ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

# ਸਰਕਾਰੀ ਚੁਸਤ ਦਰੁੱਸਤੀ : ਸ਼ੋਸਲ ਮੀਡੀਆ ’ਤੇ ਪਾਈ ਪੋਸਟ ਵੱਲ ਦਿੱਤਾ ਧਿਆਨ

ਭੀਖੀ,
-ਰੋਜ਼ਾਨਾ ਸਵੇਰਾ-
ਕੱਲ੍ਹ ਚੰਡੀਗੜ ਦੇ ਸੈਕਟਰ 9 ਵਿਚਲੇ ਕਾਰਮਲ ਕਾਨਵੈਂਟ ਸਕੂਲ ਵਿੱਚ ਇੱਕ ਭਾਰੀ ਦਰੱਖਤ ਡਿੱਗਣ ਨਾਲ ਵਾਪਰੇ ਦਰਦਨਾਕ ਹਾਦਸੇ ਤੋਂ ਬਾਅਦ ਸਰਕਾਰੀ ਹਾਈ ਸਕੂਲ ਸਮਾਓਂ (ਮਾਨਸਾ) ਵਿਖੇ ਬਤੌਰ ਕੰਪਿਊਟਰ ਅਧਿਆਪਕ ਸੇਵਾ ਨਿਭਾਅ ਰਹੇ ਸੱਤ ਪ੍ਰਤਾਪ ਸਿੰਘ ਭੀਖੀ ਨੇ ਆਪਣੇ ਸ਼ੋਸ਼ਲ ਮੀਡੀਆ ਫੇਸਬੁੱਕ ਅਕਾਊਂਟ ਤੋਂ ਮੁੱਖ ਮੰਤਰੀ ਪੰਜਾਬ, ਸਿੱਖਿਆ ਮੰਤਰੀ ਪੰਜਾਬ ਅਤੇ ਵਿਧਾਨ ਸਭਾ ਸਪੀਕਰ ਪੰਜਾਬ ਨੂੰ ਮੈਨਸ਼ਨ ਕਰਕੇ ਪੋਸਟ ਪਾਈ ਸੀ ਕਿ ਸਰਕਾਰੀ ਸਕੂਲਾਂ ਵਿੱਚ ਖੜੇ ਸੁੱਕੇ ਅਤੇ ਸਿਓਂਕ ਖਾਧੇ ਦਰੱਖਤਾਂ ਦਾ ਹੱਲ ਸਮਾਂ ਰਹਿੰਦਿਆਂ ਕੀਤਾ ਜਾਵੇ ਤਾਂ ਜੋ ਕਿਸੇ ਭਿਆਨਕ ਹਾਦਸੇ ਤੋਂ ਬਚਿਆ ਜਾ ਸਕੇ। ਜਿਸ ’ਤੇ ਕਾਰਵਾਈ ਕਰਦਿਆਂ ਰਾਤ ਹੀ ਵਿਭਾਗ ਵੱਲੋਂ ਪੱਤਰ ਜਾਰੀ ਕਰ ਪੰਜਾਬ ਦੇ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਅਜਿਹੇ ਦਰੱਖਤਾਂ ਦੀ ਪਛਾਣ ਕਰ ਕੇ ਜੰਗਲਾਤ ਮਹਿਕਮੇ ਰਾਂਹੀ ਉਹਨਾਂ ਨੂੰ ਵਢਾਉਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਜਿਸ ’ਤੇ ਸੱਤ ਪ੍ਰਤਾਪ ਸਿੰਘ ਭੀਖੀ ਦੁਆਰਾ ਸ਼ੋਸਲ ਮੀਡੀਆ ਪੋਸਟ ਰਾਹੀਂ ਕਾਰਵਾਈ ਕਰਨ ’ਤੇ ਸਰਕਾਰ ਦੁਆਰਾ ਦਿਖਾਏ ਸੰਜ਼ੀਦਾਪਣ ਲਈ ਧੰਨਵਾਦ ਕੀਤਾ।ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ ਸੱਤ ਪ੍ਰਤਾਪ ਸਿੰਘ ਭੀਖੀ ਸ਼ੋਸ਼ਲ ਮੀਡੀਆ ਰਾਹੀਂ ਜਨਤਕ ਮੁੱਦੇ ਚੁੱਕਣ ਲਈ ਹਰ ਵਕਤ ਤਤਪਰ ਰਹਿੰਦੇ ਹਨ।

# ਉਡਾਣ ਐਜੂਕੇਸ਼ਨ ਸੁਸਾਇਟੀ ਤਲਵੰਡੀ ਸਾਬੋ ਦੇ ਮੈਂਬਰਾਂ ਨੇ ਅਰਸ਼ਪ੍ਰੀਤ ਕੌਰ ਤੇ ਨਵਨਿੰਦਰ ਕੌਰ ਦਾ ਕੀਤਾ ਸਨਮਾਨ



ਵਿਦਿਆਰਥਣ ਅਰਸ਼ਪ੍ਰੀਤ ਕੌਰ ਅਤੇ ਨਵਨਿੰਦਰ ਕੌਰ ਦਾ ਸਨਮਾਨ ਕਰਨ ਸਮੇਂ ਉਡਾਣ ਐਜੂਕੇਸ਼ਨ ਸੁਸਾਇਟੀ ਤਲਵੰਡੀ ਸਾਬੋ ਦੇ ਮੈਂਬਰ।

ਹੀਰੋਂ ਖੁਰਦ,
-ਰੋਜ਼ਾਨਾ ਸਵੇਰਾ-
ਬਾਰ੍ਹਵੀਂ ਦੀ ਪ੍ਰੀਖਿਆ ਵਿਚੋਂ ਸੂਬੇ ਭਰ ’ਚੋਂ ਦੂਜੇ ਨੰਬਰ ’ਤੇ ਆਉਣ ਵਾਲੀ ਵਿਦਿਆਰਥਣ ਅਰਸ਼ਪ੍ਰੀਤ ਕੌਰ ਅਤੇ ਮੈਰਿਟ ਸੂਚੀ ਵਿਚ ਆਪਣਾ ਨਾਂ ਦਰਜ ਕਰਵਾਉਣ ਵਾਲੀ ਵਿਦਿਆਰਥਣ ਨਵਨਿੰਦਰ ਕੌਰ ਦਾ ਉਡਾਣ ਐਜੂਕੇਸ਼ਨ ਸੁਸਾਇਟੀ ਤਲਵੰਡੀ ਸਾਬੋ ਦੇ ਮੈਂਬਰਾਂ ਵੱਲੋਂ 21 ਸੌ ਰੁਪਿਆ ਰੁਪਏ ਅਤੇ ਹੋਰ ਐਜੂਕੇਸ਼ਨ ਵਸਤਾਂ ਨਾਲ ਸਨਮਾਨ ਕੀਤਾ ਗਿਆ। ਸਨਮਾਨ ਕਰਨ ਵਾਲਿਆਂ ’ਚ ਹਰਬੰਸ ਸਿੰਘ ਸੰਧੂ (ਸੇਵਾਮੁਕਤ ਡੀਪੀਆਈ ਐਲੀਮੈਂਟਰੀ), ਪ੍ਰਧਾਨ ਹਾਕਮ ਸਿੰਘ ਪ੍ਰਿੰਸੀਪਲ,ਕੇਹਰ ਸਿੰਘ ਐਸਡੀਓ, ਅਮਰੀਕ ਸਿੰਘ ਲੈਕਚਰਾਰ, ਰੂਪ ਲੈਕਚਰਾਰ,ਮਿੱਠਾ ਸਿੰਘ ਸੁਪਰਡੈਂਟ, ਸੁਖਰਾਜ ਸਿੰਘ ਸੰਦੋਹਾ (ਸਟੇਟ ਐਵਾਰਡੀ ਅਧਿਆਪਕ) ਆਦਿ ਸ਼ਾਮਲ ਸਨ।
ਸਕੂਲ ਦੇ ਇੰਚਾਰਜ ਪ੍ਰਿੰਸੀਪਲ ਰਜੇਸ਼ ਕੁਮਾਰ ਨੇ ਸੁਸਾਇਟੀ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ।ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਮੌਜੂਦ ਸੀ।

# ਰੋਟਰੀ ਕਲੱਬ ਮਿਡ ਟਾਉਨ ਸਮਾਜ ਸੇਵਾ ਵਿੱਚ ਨਿਭਾ ਰਿਹਾ ਹੈ ਮੋਹਰੀ ਤੇ ਅਹਿਮ ਭੂਮਿਕਾ - ਡੀ.ਐਸ.ਓ ਸਾਸ਼ਵਤ ਰਾਜਦਾਨ



ਪੋਲੋ ਗਰਾਊਂਡ ਵਿਖੇ ਪੋਦੇ ਲਗਾਉਂਦੇਹੋਏ ਸਾਸ਼ਵਤ ਰਾਜਦਾਨ, ਪ੍ਰਧਾਨ ਭਗਵਾਨ ਦਾਸ ਗੁੱਪਤਾ, ਸਵਤੰਤਰ ਰਾਜ ਪਾਸੀ, ਹਰਬੰਸ ਬਾਂਸਲ, ਰਾਕੇਸ਼ ਸਿੰਗਲਾ ਤੇ ਕਲੱਬ ਮੈਂਬਰ।

ਪਟਿਆਲਾ,
-ਰੋਜ਼ਾਨਾ ਸਵੇਰਾ-
ਰੋਟਰੀ ਇੰਟਰਨੈਸ਼ਨਲ ਡਿਸਟ੍ਰਿਕਟ 3090 ਦੇ ਡਿਸਟ੍ਰਿਕਟ ਗਵਰਨਰ ਐਡਵੋਕੇਟ ਗੁਲਬਹਾਰ ਰਾਟੌਲ ਦੀ ਸਰਪ੍ਰਸਤੀ ਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ
ਪਟਿਆਲਾ ਖੇਤਰ ਵਿੱਚ ਆਪਣੀਆਂ ਸਮਾਜਸੇਵੀ ਗਤੀਵਿਧੀਆਂ ਨਾਲ ਮੋਹਰੀ ਭੂਮਿਕਾ ਨਿਭਾ ਰਹੇ ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਵਲੋਂ ਸਮਾਜ ਸੇਵੀ ਵਾਤਾਵਰਣ ਤੇ ਕਲਾ ਪ੍ਰੇਮੀ ਪ੍ਰਧਾਨ ਭਗਵਾਨ ਦਾਸ ਗੁੱਪਤਾ ਸਰਪ੍ਰਸਤ ਰੈਡ ਕਰਾਸ ਪਟਿਆਲਾ ਬ੍ਰਾਂਚ ਵਲੋਂ ਸਾਫ਼ ਪਾਣੀ ਸੁੱਧ ਵਾਤਾਵਰਣ ਮੁਹਿਮ ਦੀ ਸ਼ੁਰੂਆਤ ਸਾਹੀ ਸਹਿਰ ਦੇ ਪ੍ਰਸਿੱਧ ਖੇਡ ਸਥਾਨ ਪੋਲੋ ਗਰਾਊਂਡ ਤੋ ਕੀਤੀ ਗਈ।
ਪ੍ਰੋਗਰਾਮ ਦੇ ਮੁੱਖ ਮਹਿਮਾਨ ਜ਼ਿਲ੍ਹਾ ਖੇਡ ਅਧਿਕਾਰੀ ਸਾਸਵਤ ਰਾਜਦਾਨ ਨੇ ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਵਲੋਂ ਫਲਦਾਰ, ਛਾਂਦਾਰ, ਸਜਾਵਟੀ ਤੇ ਆਯੁਰਵੈਦਿਕ ਪੌਦੇ ਲਗਾਕੇ ਨਵੀਂ ਮੁਹਿੰਮ ਦੀ ਸ਼ੁਰੂਆਤ ਕੀਤੀ।
ਕਲੱਬ ਦੇ ਪ੍ਰਧਾਨ ਸਮਾਜ ਸੇਵੀ ਵਾਤਾਵਰਣ ਤੇ ਕਲਾ ਪ੍ਰੇਮੀ ਭਗਵਾਨ ਦਾਸ ਗੁੱਪਤਾ ਸਰਪ੍ਰਸਤ ਰੈਡ ਕਰਾਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸੇ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਸਿਚਾਈ ਵਿਭਾਗ,ਵਣ ਵਿਭਾਗ ਤੇ ਬਾਗਬਾਨੀ ਵਿਭਾਗ ਦੇ ਸਹਿਯੋਗ ਨਾਲ ਪੂਰੇ ਚੌਮਾਸੇ ਦੌਰਾਨ ਸਹਿਰ ਦੀਆ ਵੱਖ ਵੱਖ ਥਾਵਾਂ ਤੇ ਹਰ ਤਰ੍ਹਾਂ ਦੇ ਫਲਦਾਰ, ਛਾਂ ਦਾਰ,ਮੈਡੀਸ਼ਨਲ ਤੇ ਸਜਾਵਟੀ ਪੌਦੇ ਲਗਾਏ ਜਾਣਗੇ। ਇਸ ਮੁਹਿਮ ਤਹਿਤ ਹੀ ਪੋਲੋ ਗਰਾਊਂਡ ਵਿਖੇ ਪਰੈਕਟਿਸ ਕਰਨ ਵਾਲੇ ਖਿਡਾਰੀਆਂ,ਕੋਚ ਸਾਹਿਬਾਨਾਂ ਅਤੇ ਆਮ ਲੋਕਾਂ ਨੂੰ ਸਾਫ਼ ਤੇ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਦੇ ਮੰਤਵ ਵਜੋਂ ਕਲੱਬ ਵਲੋਂ ਇੱਕ ਵਾਟਰ ਕੂਲਰ ਲਗਾਇਆ ਜਾਵੇਗਾ।
ਇਸ ਪ੍ਰੋਜੈਕਟ ਦੇ ਚੇਅਰਮੈਨ ਸਾਬਕਾ ਪ੍ਰਧਾਨ ਰੋਟੇਰੀਅਨ ਕੌਸ਼ਲ ਰਾਓ ਸਿੰਗਲਾ ਤੇ ਵਾਈਸ ਪ੍ਰੋਜੈਕਟ ਚੇਅਰਮੈਨ ਭੀਮ ਸੈਨ ਗੇਰਾ ਚੇਅਰਮੈਨ ਪਰਿਆਵਰਣ ਕੇਅਰ ਸੁਸਾਇਟੀ ਪਟਿਆਲਾ ਸਨ।
ਇਸ ਵਿੱਚ ਡਾ.ਅਜੇ ਗੁਪਤਾ ਸਾਬਕਾ ਜਿਲਾ ਸਿਹਤ ਅਧਿਕਾਰੀ,ਵੀ.ਕੇ.ਛੂਡੀਆਂ ਸਾਬਕਾ ਜਨਰਲ ਮੈਨੇਜਰ ਮਾਰਕਫੈੱਡ, ਲਕਸ਼ਮੀ ਗੁਪਤਾ ਸਾਬਕਾ ਮੈਨੇਜਰ ਭਾਰਤੀ ਖੁਰਾਕ ਨਿਗਮ ਨੇ ਵੀ ਅਹਿਮ ਭੂਮਿਕਾ ਨਿਭਾਈ।
ਸਮਾਗਮ ਨੂੰ ਸਾਬਕਾ ਡਿਸਟ੍ਰਿਕਟ ਗਵਰਨਰ ਤੇ ਕਲੱਬ ਦੇ ਸਲਾਹਕਾਰ ਸਵਤੰਤਰ ਰਾਜ ਪਾਸੀ ਅਤੇ ਸੀਨੀਅਰ ਰੋਟੇਰੀਅਨ ਮੈਂਬਰ ਬੋਰਡ ਆਫ਼ ਡਾਇਰੈਕਟਰ ਹਰਬੰਸ ਬਾਂਸਲ ਨੇ ਵੀ ਸੰਬੋਧਨ ਕੀਤਾ। ਸਾਬਕਾ ਸਹਾਇਕ ਗਵਰਨਰ ਰੋਟਰੀ ਇੰਟਰਨੈਸ਼ਨਲ ਡਿਸਟ੍ਰਿਕਟ 3090 ਪ੍ਰਸਿੱਧ ਸਿਖਿੱਆ ਸਾਸਤਰੀ ਡਾ.ਆਕਾਸ਼ ਬਾਂਸਲ ਨੇ ਮੰਚ ਸੰਚਾਲਨ ਤੇ ਸਾਬਕਾ ਪ੍ਰਧਾਨ ਰਾਕੇਸ਼ ਸਿੰਗਲਾ ਨੇ ਸਾਰਜੈਂਟ ਆਰਮ ਦੀ ਅਹਿਮ ਭੂਮਿਕਾ ਬਾਖੂਬੀ ਨਿਭਾਈ।
ਮੁੱਖ ਮਹਿਮਾਨ ਜ਼ਿਲ੍ਹਾ ਖੇਡ ਅਧਿਕਾਰੀ ਸਾਸਵਤ ਰਾਜਦਾਨ ਨੇ ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਵਲੋਂ ਸਮਾਜ ਸੇਵਾ ਦੇ ਹਰ ਖੇਤਰ ਵਿਚ ਨਿਭਾਈ ਜਾ ਰਹੀ ਮੋਹਰੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਆਪਣੇ ਵਿਭਾਗ ਵਲੋਂ ਵੀ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਕਲੱਬ ਵਲੋਂ ਮੁੱਖ ਮਹਿਮਾਨ ਨੂੰ ਸ਼ਾਨਦਾਰ ਯਾਦਗਾਰੀ ਚਿੰਨ੍ਹ ਦੇਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।
ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਯੁਕਤ ਸਕੱਤਰ ਸਾਬਕਾ ਪ੍ਰਧਾਨ ਐਨ.ਕੇ.ਜੈਨ ਕੋਚ ਸਾਹਿਬਾਨ ਅਤੇ ਖਿਡਾਰੀ ਵੀ ਹਾਜਰ ਸਨ।

# ਸ.ਫਾਈ ਸੇਵਕਾਂ ਵੱਲੋਂ ਦੁੱਗਰੀ ਨਹਿਰ ’ਤੇ ਚੱਕਾ ਜਾਮ



ਲੁਧਿਆਣਾ,
-ਰੋਜ਼ਾਨਾ ਸਵੇਰਾ-
ਇੱਥੇ ਅੱਜ ਦੁੱਗਰੀ ਨਹਿਰ ਉੱਤੇ ਪ੍ਰਾਈਵੇਟ ਸਫ਼ਾਈ ਸੇਵਕਾਂ ਨੇ ਕੂੜੇ ਨਾਲ ਭਰੀਆਂ ਰੇਹੜੀਆਂ ਸੜਕ ’ਤੇ ਖੜ੍ਹੀਆਂ ਕਰਕੇ ਆਵਾਜਾਈ ਠੱਪ ਕੀਤੀ। ਜਾਮ ਲੱਗਣ ਨਾਲ ਕਰੀਬ 1 ਘੰਟੇ ਤੱਕ ਲੋਕ ਪ੍ਰੇਸ਼ਾਨੀ ਦਾ ਸਾਹਮਣਾ ਕਰਦੇ ਰਹੇ। ਇਸ ਦੌਰਾਨ ਕਈ ਵਾਹਨ ਚਾਲਕਾਂ ਦੀ ਪ੍ਰਦਰਸ਼ਨਕਾਰੀਆਂ ਨਾਲ ਬਹਿਸ ਵੀ ਹੋਈ। ਨਹਿਰ ਉੱਤੇ ਜਾਮ ਲੱਗਣ ਦੀ ਸੂਚਨਾ ਮਿਲਦਿਆਂ ਹੀ ਪੁਲੀਸ ਦੇ ਉੱਚ ਅਧਿਕਾਰੀ ਮੌਕੇ ’ਤੇ ਪੁੱਜ ਗਏ। ਪੁਲੀਸ ਨੇ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕੀਤੀ ਪਰ ਧਰਨਾਕਾਰੀ ਇਸ ਗੱਲ ’ਤੇ ਅੜ ਗਏ ਕਿ ਜਦੋਂ ਤੱਕ ਵਿਧਾਇਕ ਕੁਲਵੰਤ ਸਿੰਘ ਸਿੱਧੂ ਧਰਨਾ ਸਥਾਨ ’ਤੇ ਨਹੀਂ ਆਉਂਦੇ,ਉਹ ਧਰਨਾ ਨਹੀਂ ਚੁੱਕਣਗੇ। ਹਾਲਾਤ ਵਿਗੜਦੇ ਦੇਖ ਵਿਧਾਇਕ ਸਿੱਧੂ ਮੌਕੇ ’ਤੇ ਪੁੱਜੇ ਅਤੇ ਉਨ੍ਹਾਂ ਧਰਨਾਕਾਰੀਆਂ ਨਾਲ ਗੱਲਬਾਤ ਕੀਤੀ। ਧਰਨਾਕਾਰੀਆਂ ਦੀ ਅਗਵਾਈ ਕਰ ਰਹੇ ਓਮ ਪਾਲ ਚੰਡਾਲੀਆ ਨੇ ਕਿਹਾ ਕਿ ਇਹ ਧਰਨਾ ਨਿੱਜੀ ਸਫ਼ਾਈ ਸੇਵਕਾ ਵੱਲੋਂ ਲਗਾਇਆ ਗਿਆ ਹੈ, ਜੋ ਲੋਕਾਂ ਦੇ ਘਰਾਂ ’ਚੋਂ ਕੂੜਾ ਚੁੱਕ ਕੇ ਆਪਣੇ ਘਰਾਂ ਦਾ ਗੁਜ਼ਾਰਾ ਚਲਾ ਰਹੇ ਹਨ ਪਰ ਅੱਜ ਸਫ਼ਾਈ ਸੇਵਕ ਕੂੜਾ ਲੈ ਕੇ ਜਦੋਂ ਡੰਪ ’ਤੇ ਗਏ ਤਾਂ ਨਿਗਮ ਅਧਿਕਾਰੀਆਂ ਨੇ ਉਨ੍ਹਾਂ ਨੂੰ ਉੱਥੇ ਕੂੜਾ ਸੁੱਟਣ ਤੋਂ ਰੋਕ ਦਿੱਤਾ। ਸਫ਼ਾਈ ਸੇਵਕਾਂ ਨੇ ਮੰਗ ਕੀਤੀ ਕਿ ਉਨ੍ਹਾਂ ਨੂੰ ਕੂੜਾ ਸੁੱਟਣ ਲਈ ਵੱਖਰੇ ਤੌਰ ’ਤੇ ਜਗ੍ਹਾ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਦੱਸਿਆ ਕਿ ਅਕਾਲੀ ਸਰਕਾਰ ਵੇਲੇ ਇਹ ਫ਼ੈਸਲਾ ਹੋਇਆ ਸੀ ਕਿ ਪ੍ਰਾਈਵੇਟ ਮੁਲਾਜ਼ਮ ਘਰਾਂ ’ਚੋਂ ਕੂੜਾ ਚੁੱਕ ਕੇ ਡੰਪ ’ਤੇ ਲਿਆਉਣਗੇ। ਹੁਣ ਪ੍ਰਾਈਵੇਟ ਕੂੜਾ ਚੁੱਕਣ ਵਾਲਿਆਂ ਨੂੰ ਪ੍ਰੇਸ਼ਾਨ ਕਰਨ ਲਈ ਨਿਗਮ ਦਬਾਅ ਬਣਾ ਰਿਹਾ ਹੈ।

# ਅਧਿਆਪਕਾਂ ਨੇ ਬਜਟ ਦੀਆਂ ਕਾਪੀਆਂ ਸਾੜੀਆਂ

ਬਠਿੰਡਾ -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-
ਬੀਐੱਡ ਅਧਿਆਪਕ ਫਰੰਟ ਵੱਲੋਂ ਕਈ ਸਕੂਲਾਂ ’ਚ ਸਰਕਾਰ ਦੇ ਬਜਟ ਦੀਆਂ ਕਾਪੀਆਂ ਸਾੜੀਆਂ ਗਈਆਂ। ਅਧਿਆਪਕਾਂ ਦਾ ਰੋਸ ਰਿਹਾ ਕਿ ਬਜਟ ’ਚ ਅਧਿਆਪਕਾਂ ਲਈ ਕਿਸੇ ਸਹੂਲਤ ਦਾ ਜ਼ਿਕਰ ਨਹੀਂ। ਫਰੰਟ ਦੇ ਸੂਬਾ ਪ੍ਰੈੱਸ ਸਕੱਤਰ ਹਰਮੀਤ ਸਿੰਘ ਬਾਜਾਖਾਨਾ ਨੇ ਦੱਸਿਆ ਕਿ ‘ਆਪ’ ਨੇ ਸਰਕਾਰ ਬਣਨ ਤੋਂ ਪਹਿਲਾਂ ਪੇਅ ਕਮਿਸ਼ਨ ਦੇ ਬਕਾਇਆਂ, ਤਰੁੱਟੀਆਂ ਦੂਰ ਕਰਨ, ਡੀਏ ਦੇ ਬਕਾਏ, ਪੈਨਸ਼ਨਰਾਂ ’ਤੇ 2.59 ਦਾ ਫੈਕਟਰ ਲਾਗੂ ਕਰਨ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਵਰਗੀਆਂ ਗੱਲਾਂ ਕਹੀਆਂ ਸਨ ਪਰ ਤਾਜ਼ਾ ਬਜਟ ਨਾਲ ਮੁਲਾਜ਼ਮਾਂ ਪੱਲੇ ਨਿਰਾਸ਼ਤਾ ਪਈ ਹੈ। ਨਰਿੰਦਰਪਾਲ ਭੰਡਾਰੀ, ਸਰਬਜੀਤ ਸਿੰਘ ਅਤੇ ਪਰਮਜੀਤ ਸਿੰਘ ਨੇ ਕਿਹਾ ਕਿ ਸਰਕਾਰ ਨੂੰ ਵਾਅਦੇ ਪੂਰੇ ਕਰਨੇ ਚਾਹੀਦੇ ਹਨ।

# ਕਾਂਗਰਸੀ ਮਹਿਲਾਵਾਂ ਨੇ ਕੇਂਦਰ ਖ਼ਿਲਾਫ਼ ਥਾਲੀਆਂ ਖੜਕਾਈਆਂ



ਲੁਧਿਆਣਾ,
-ਰੋਜ਼ਾਨਾ ਸਵੇਰਾ-
ਸਨਅਤੀ ਸ਼ਹਿਰ ਵਿੱਚ ਅੱਜ ਜ਼ਿਲ੍ਹਾ ਮਹਿਲਾ ਕਾਂਗਰਸ ਦੀਆਂ ਕਾਰਕੁਨਾਂ ਨੇ ਕੇਂਦਰ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕੀਤਾ। ਉਨ੍ਹਾਂ ਦੇਸ਼ ਵਿੱਚ ਲਗਾਤਾਰ ਵਧ ਰਹੀ ਮਹਿੰਗਾਈ ਵਿਰੁੱਧ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਮਹਿਲਾਵਾਂ ਨੇ ਘੰਟਾ ਘਰ ਚੌਕ ਨੇੜੇ ਇਕੱਠੇ ਹੋ ਕੇ ਮੋਦੀ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਸਰਕਾਰ ਨੂੰ ਜਗਾਉਣ ਲਈ ਥਾਲੀਆਂ ਵੀ ਖੜਕਾਈਆਂ।
ਵਰਕਰਾਂ ਨੇ ਪ੍ਰਦਰਸ਼ਨ ਦੌਰਾਨ ਰਸੋਈ ਗੈਸ ਸਿਲੰਡਰ ਦੇ ਕੱਟ-ਆਊਟ ਅਤੇ ਪੋਸਟਰ ਫੜੇ ਹੋਏ ਸਨ। ਪ੍ਰਦਰਸ਼ਨਕਾਰੀ ਮਹਿਲਾਵਾਂ ਨੇ ਸੰਘਰਸ਼ ਤੇਜ਼ ਕਰਨ ਦੀ ਚਿਤਾਵਨੀ ਵੀ ਦਿੱਤੀ। ਮਹਿਲਾ ਕਾਂਗਰਸ ਦੀ ਜ਼ਿਲ੍ਹਾ ਪ੍ਰਧਾਨ ਮਨੀਸ਼ਾ ਕਪੂਰ ਨੇ ਕਿਹਾ ਕਿ ਆਏ ਦਿਨ ਰਸੋਈ ਗੈਸ ਦੇ ਭਾਅ ਵੱਧ ਰਹੇ ਹਨ, ਜਿਸ ਕਾਰਨ ਲੋਕਾਂ ਦੇ ਘਰਾਂ ਦਾ ਬਜਟ ਹਿੱਲ ਗਿਆ ਹੈ। ਉਨ੍ਹਾਂ ਕਿਹਾ ਕਿ ਸੱਤਾ ਦੇ ਨਸ਼ੇ ਵਿੱਚ ਚੂਰ ਕੇਂਦਰ ਦੀ ਭਾਜਪਾ ਸਰਕਾਰ ਲੋਕਾਂ ’ਤੇ ਵਧ ਰਹੇ ਮਹਿੰਗਾਈ ਦੇ ਬੋਝ ਵੱਲ ਧਿਆਨ ਨਹੀਂ ਦੇ ਰਹੀ। ਮਨੀਸ਼ਾ ਨੇ ਕਿਹਾ ਕਿ 2024 ’ਚ ਲੋਕ ਸਭਾ ਚੋਣਾਂ ਦੌਰਾਨ ਲੋਕ ਭਾਜਪਾ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ।
ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਨੇ ਰਸੋਈ ਗੈਸ ਦੀਆਂ ਵਧੀਆਂ ਖ਼ਿਲਾਫ਼ ਪ੍ਰਦਰਸ਼ਨ ਕੀਤਾ। ਜਥੇਬੰਦੀ ਦੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ, ਸਕੱਤਰ ਜਸਦੇਵ ਸਿੰਘ ਲਲਤੋਂ, ਮੀਤ ਪ੍ਰਧਾਨ ਬਲਜੀਤ ਸਿੰਘ ਸਵੱਦੀ, ਖ਼ਜ਼ਾਨਚੀ ਮਨਮੋਹਣ ਸਿੰਘ ਪੰਡੋਰੀ ਤੇ ਸਹਾਇਕ ਸਕੱਤਰ ਰਣਜੀਤ ਸਿੰਘ ਗੁੜੇ ਨੇ ਕਿਹਾ ਕਿ ਪਿਛਲੇ ਸਾਲ ਤੋਂ ਕੌਮਾਂਤਰੀ ਮੰਡੀ ਵਿੱਚ ਗੈਸ ਦੀਆਂ ਕੀਮਤਾਂ ’ਚ ਵੱਡੀ ਗਿਰਾਵਟ ਚੱਲ ਰਹੀ ਹੈ ਪਰ ਦੇਸ਼ ਵਿੱਚ ਵਾਧਾ ਲਗਾਤਾਰ ਜਾਰੀ ਹੈ। ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮਹਿੰਗਾਈ ’ਤੇ ਜਲਦੀ ਨੱਥ ਨਾ ਪਾਈ ਗਈ ਤਾਂ ਉਹ ਦਿਨ ਦੂਰ ਨਹੀਂ ਜਦੋਂ ਸ੍ਰੀਲੰਕਾ ਵਾਂਗ ਮਹਿੰਗਾਈ ਅਤੇ ਬੇਰੁਜ਼ਗਾਰੀ ਕਾਰਨ ਦੇਸ਼ ਦਾ ਅਰਥਚਾਰਾ ਕੰਗਾਲੀ ਦੀ ਹੱਦ ’ਤੇ ਪਹੁੰਚ ਜਾਵੇਗਾ।

# ਰਜਿਸਟਰੀਆਂ ਲਈ ਦੇਰ ਰਾਤ ਤੱਕ ਤਹਿਸੀਲਦਾਰ ਨੂੰ ਉਡੀਕਦੇ ਰਹੇ ਲੋਕ



ਮਾਛੀਵਾੜਾ ਸਾਹਿਬ,
-ਰੋਜ਼ਾਨਾ ਸਵੇਰਾ-
ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਰਕਾਰੀ ਦਫ਼ਤਰਾਂ ਵਿੱਚ ਸੇਮਾਂ ਸਿਰ ਲੋਕਾਂ ਦੇ ਕੰਮ ਹੋਣ ਦੇ ਦਾਅਵੇ ਅੱਜ ਇੱਥੋਂ ਦੀ ਤਹਿਸੀਲ ਵਿੱਚ ਖੋਖਲੇ ਸਾਬਤ ਹੋਏ। ਦਰਅਸਲ ਅੱਜ ਮਾਛੀਵਾੜਾ ਸਬ-ਤਹਿਸੀਲ ਵਿੱਚ ਰਜਿਸਟਰੀਆਂ ਕਰਵਾਉਣ ਲਈ ਸਵੇਰ ਤੋਂ ਤਹਿਸੀਲਦਾਰ ਨੂੰ ਉਡੀਕਦੇ ਰਹੇ ਪਰ ਆਖ਼ਿਰ ਦੇਰ ਰਾਤ 9 ਵਜੇ ਉਨ੍ਹਾਂ ਨੂੰ ਬਿਨਾਂ ਕੰਮ ਕਰਵਾਏ ਮੁੜਨਾ ਪਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮਾਛੀਵਾੜਾ ਸਬ-ਤਹਿਸੀਲ ਵਿੱਚ ਤਾਇਨਾਤ ਨਾਇਬ ਤਹਿਸੀਲਦਾਰ ਰਘਬੀਰ ਸਿੰਘ ਕੋਲ ਇੱਥੋਂ ਦੇ ਨਾਲ-ਨਾਲ ਸਮਰਾਲਾ ਤਹਿਸੀਲ ਦਾ ਵੀ ਵਾਧੂ ਚਾਰਜ ਹੈ।
ਸਵੇਰੇ 11 ਵਜੇ ਤੋਂ ਰਜਿਸਟਰੀ ਕਰਵਾਉਣ ਵਾਲੇ ਲੋਕ ਨਾਇਬ ਤਹਿਸੀਲਦਾਰ ਨੂੰ ਦੇਰ ਰਾਤ 9 ਵਜੇ ਤੱਕ ਉਡੀਕਦੇ ਰਹੇ ਕਿਉਂਕਿ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਅੱਜ ਰਜਿਸਟਰੀਆਂ ਹੋਣਗੀਆਂ। ਨਿਯਮਾਂ ਦੇ ਮੁਤਾਬਿਕ ਰਜਿਸਟਰੀਆਂ ਦਾ ਕੰਮ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਹੋ ਸਕਦਾ ਹੈ ਪਰ ਇੱਥੇ ਤਾਇਨਾਤ ਨਾਇਬ ਤਹਿਸੀਲਦਾਰ ਮੀਟਿੰਗਾਂ ਅਤੇ ਸਮਰਾਲਾ ਵਿੱਚ ਡਿਊਟੀ ਲੱਗੀ ਹੋਣ ਕਾਰਨ ਮਾਛੀਵਾੜਾ ਨਾ ਆ ਸਕੇ, ਜਿਸ ਕਾਰਨ ਲੋਕ ਸਰਕਾਰ ਦੀ ਕਾਰਗੁਜ਼ਾਰੀ ਨੂੰ ਕੋਸਦੇ ਦਿਖਾਈ ਦਿੱਤੇ। ਮਾਛੀਵਾੜਾ ਸਬ-ਤਹਿਸੀਲ ਵਿੱਚ ਕਰੀਬ 100 ਤੋਂ ਵੱਧ ਵਿਅਕਤੀ ਰਜਿਸਟਰੀਆਂ ਦੇ ਕੰਮ ਲਈ ਖੜ੍ਹੇ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਾਅਦੇ ਤਾਂ ਵੱਡੇ-ਵੱਡੇ ਕੀਤੇ ਸਨ ਪਰ ਪੂਰਾ ਇੱਕ ਵੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਮਾਛੀਵਾੜਾ ਵਿੱਚ ਪੱਕੇ ਤੌਰ ’ਤੇ ਨਾਇਬ ਤਹਿਸੀਲਦਾਰ ਦੀ ਤਾਇਨਾਤੀ ਨਾ ਹੋਣ ਕਾਰਨ ਲੋਕ ਖੱਜਲ-ਖੁਆਰ ਹੋ ਰਹੇ ਹਨ।
ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵੱਲੋਂ ਸਰਕਾਰੀ ਦਫ਼ਤਰਾਂ ਵਿਚ ਜਾ ਕੇ ਚੈਕਿੰਗ ਕੀਤੀ ਜਾਂਦੀ ਹੈ ਕਿ ਸਟਾਫ਼ ਡਿਊਟੀ ’ਤੇ ਹੈ, ਲੋਕਾਂ ਨੂੰ ਕੋਈ ਪ੍ਰੇਸ਼ਾਨੀ ਤਾਂ ਨਹੀਂ ਹੋ ਰਹੀ ਜੋ ਕਿ ਚੰਗਾ ਉਪਰਾਲਾ ਹੈ ਪਰ ਮਾਛੀਵਾੜਾ ਸਬ-ਤਹਿਸੀਲ ਵਿੱਚ ਰਜਿਸਟਰੀਆਂ ਨਾ ਹੋਣ ਕਾਰਨ ਲੋਕਾਂ ਦੀ ਪ੍ਰੇਸ਼ਾਨੀ ਵੱਲ ਵੀ ‘ਆਪ’ ਦੇ ਨੁਮਾਇੰਦਿਆਂ ਨੂੰ ਧਿਆਨ ਦੇ ਕੇ ਸਮੱਸਿਆ ਦਾ ਹੱਲ ਕਰਨਾ ਜ਼ਰੂਰੀ ਹੈ। ਇਸ ਸਬੰਧੀ ਨਾਇਬ ਤਹਿਸੀਲਦਾਰ ਰਘਵੀਰ ਸਿੰਘ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਫੋਨ ਨਹੀਂ ਚੁੱਕਿਆ। ਇਹ ਚਰਚਾ ਵੀ ਜ਼ੋਰ ’ਤੇ ਰਹੀ ਕਿ ਸੋਮਵਾਰ ਤੋਂ ਜਾਇਦਾਦਾਂ ਦੇ ਸਰਕਾਰੀ ਰੇਟਾਂ ਵਿੱਚ 20 ਤੋਂ 30 ਫੀਸਦੀ ਵਾਧਾ ਹੋ ਜਾਵੇਗਾ, ਜਿਸ ਕਾਰਨ ਲੋਕਾਂ ’ਤੇ ਵਾਧੂ ਆਰਥਿਕ ਬੋਝ ਪਵੇਗਾ। ਸਬ-ਤਹਿਸੀਲ ਵਿੱਚ ਪੱਕੇ ਤੌਰ ’ਤੇ ਨਾਇਬ ਤਹਿਸੀਲਦਾਰ ਦੀ ਨਿਯੁਕਤੀ ਨਾ ਹੋਣ ਕਾਰਨ ਅੱਜ ਰਜਿਸਟਰੀਆਂ ਨਾ ਹੋ ਸਕੀਆਂ ਅਤੇ ਜੇਕਰ ਸੋਮਵਾਰ ਤੋਂ ਸਰਕਾਰੀ ਰੇਟਾਂ ਵਿੱਚ ਵਾਧਾ ਹੋ ਗਿਆ ਤਾਂ ਲੋਕਾਂ ’ਤੇ ਪਏ ਆਰਥਿਕ ਬੋਝ ਲਈ ਜ਼ਿੰਮੇਵਾਰ ਤਾਂ ਪ੍ਰਸ਼ਾਸਨਿਕ ਅਧਿਕਾਰੀ ਹਨ ਪਰ ਲੋਕਾਂ ਨੂੰ ਵਾਧੂ ਅਸ਼ਟਾਮ ਲਗਾ ਕੇ ਆਪਣੀ ਜੇਬ ਹੌਲੀ ਕਰਨੀ ਪਵੇਗੀ।

# ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਸਾਂਝੇ ਉਦਮ ਬੇਹੱਦ ਜ਼ਰੂਰੀ : ਮੀਤ ਹੇਅਰ



ਬਰਨਾਲਾ,
-ਰੋਜ਼ਾਨਾ ਸਵੇਰਾ-
ਸਿਹਤ ਅਤੇ ਸਿੱਖਿਆ ਖੇਤਰ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਤਰਜੀਹ ਹਨ। ਪੰਜਾਬ ਸਰਕਾਰ ਦੇ ਨਾਲ ਨਾਲ ਆਮ ਲੋਕਾਂ ਤੇ ਸਮਾਜਸੇਵੀ ਸੰਸਥਾਵਾਂ ਵੱਲੋਂ ਇਸ ਮੁਹਿੰਮ ਵਿੱਚ ਯੋਗਦਾਨ ਪਾਉਣਾ ਬੇਹੱਦ ਸ਼ਲਾਘਾਯੋਗ ਹੈ। ਇਹ ਪ੍ਰਗਟਾਵਾ ਉਚੇਰੀ ਸਿੱਖਿਆ ਤੇ ਖੇਡ ਮੰਤਰੀ ਪੰਜਾਬ ਸ. ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਇੱਥੇ ਵਾਈਐੱਸ ਸਕੂਲ, ਬੱਸ ਸਟੈਂਡ ਰੋਡ ਵਿਖੇ ਬਰਨਾਲਾ ਵੈੱਲਫੇਅਰ ਕਲੱਬ ਅਤੇ ਲਾਇਨਜ਼ ਕਲੱਬ ਵੱਲੋਂ ਲਾਏ ਮੁਫਤ ਮੈਡੀਕਲ ਕੈਂਪ ਦੇ ਉਦਘਾਟਨ ਮਗਰੋਂ ਸੰਬੋਧਨ ਕਰਦਿਆਂ ਕੀਤਾ ਗਿਆ। ਇਸ ਮੌਕੇ ਬੋਲਦਿਆਂ ਉਨਾਂ ਕਿਹਾ ਕਿ ਸਿਹਤ ਸੇਵਾਵਾਂ ਨੂੰ ਬਿਹਤਰ ਅਤੇ ਆਮ ਲੋਕਾਂ ਲਈ ਪਹੁੰਚਯੋਗ ਬਣਾਉਣ ਲਈ ਅਜਿਹੇ ਸਾਂਝੇ ਉਦਮ ਬੇਹੱਦ ਜ਼ਰੂਰੀ ਹਨ। ਉਨਾਂ ਸਬੰਧਤ ਕਲੱਬਾਂ ਨੂੰ ਮੁਫ਼ਤ ਮੈਡੀਕਲ ਕੈਂਪ ਦੇ ਉਪਰਾਲੇ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਵਿਧਾਇਕ ਲਾਭ ਸਿੰਘ ਉਗੋਕੇ ਨੇ ਵੀ ਸਮਾਜਸੇਵੀ ਸੰਸਥਾਵਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਹੋਰਨਾਂ ਨੂੰ ਵੀ ਇਸ ਖੇਤਰ ਵਿੱਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਇਸ ਮੌਕੇ ਜ਼ਿਲਾ ਪੁਲੀਸ ਮੁਖੀ ਸੰਗਰੂਰ ਮਨਦੀਪ ਸਿੰਘ ਸਿੱਧੂ ਵੀ ਵਿਸ਼ੇਸ਼ ਤੌਰ ’ਤੇ ਪੁੱਜੇ। ਉਨਾਂ ਕਿਹਾ ਕਿ ਅੱਜਕੱਲ ਦੀ ਜੀਵਨਸ਼ੈਲੀ ਵਿਚ ਸਿਹਤ ਸਬੰਧੀ ਦਿੱਕਤਾਂ ਵੱਡੀ ਗਿਣਤੀ ਵਿਚ ਲੋਕਾਂ ਨੂੰ ਪੇਸ਼ ਆ ਰਹੀਆਂ ਹਨ ਤੇ ਮਰੀਜ਼ਾਂ ਨੂੰ ਘਰਾਂ ਦੇ ਨੇੜੇ ਸਿਹਤ ਸਹੂਲਤਾਂ ਮਿਲਣੀਆਂ ਬੇਹੱਦ ਜ਼ਰੂਰੀ ਹਨ। ਉਨਾਂ ਕਿਹਾ ਕਿ ਅਜਿਹੇ ਉਪਰਾਲੇ ਕਰਨ ਸਭ ਤੋਂ ਵੱਡਾ ਭਲਾਈ ਦਾ ਕੰਮ ਹੈ। ਇਸ ਮੌਕੇ ਸਿਵਲ ਸਰਜਨ ਬਰਨਾਲਾ ਡਾ. ਜਸਬੀਰ ਸਿੰਘ ਔਲਖ ਨੇ ਦੱਸਿਆ ਕਿ ਸਿਵਲ ਹਸਪਤਾਲ ਵੱਲੋਂ ਮੋਬਾਈਲ ਮੈਡੀਕਲ ਯੂਨਿਟ ਕੈਂਪ ਵਿੱਚ ਭੇਜੀ ਗਈ ਹੈ, ਜਿਸ ਵਿਚ ਵੱਖ ਵੱਖ ਟੈਸਟਾਂ ਦੀ ਸਹੂਲਤ ਹੈ, ਜੋ ਅੱਜ ਕੈਂਪ ਵਿਚ ਮੁਫਤ ਕੀਤੇ ਗਏ।
ਇਸ ਮੌਕੇ ਪੰਜਾਬ ਕੇਸਰੀ ਗਰੁੱਪ ਦੇ ਜ਼ਿਲਾ ਇੰਚਾਰਜ ਵਿਵੇਕ ਸਿੰਧਵਾਨੀ, ਰੋਟਰੀ ਕਲੱਬ ਦੇ ਡਿਸਟ੍ਰਿਕਟ ਗਵਰਨਰ ਘਣਸ਼ਿਆਮ ਕਾਂਸਲ, ਡਿਪਟੀ ਡਾਇਰੈਕਟਰ ਫੈਕਟਰੀਜ਼ ਸਾਹਿਲ ਗੋਇਲ, ਵਾਈਐਸ ਸਕੂਲ ਦੇ ਡਾਇਰੈਕਟਰ ਵਰੁਣ ਗੋਇਲ, ਗੁਰਦੀਪ ਸਿੰਘ ਬਾਠ, ਹਸਨਪ੍ਰੀਤ ਭਾਰਦਵਾਜ, ਪਰਮਿੰਦਰ ਸਿੰਘ ਭੰਗੂ ਤੋਂ ਇਲਾਵਾ ਕਲੱਬਾਂ ਦੇ ਅਹੁਦੇਦਾਰ ਹਾਜ਼ਰ ਸਨ।

# ਖੇਡਾਂ ਵਿੱਚ ਸੂਬੇ ਦੀ ਡੁੱਬਦੀ ਸਾਖ ਨੂੰ ਬਚਾਉਣ ਲਈ ਖਤਮ ਕੀਤੀਆਂ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਅਸਾਮੀਆਂ ਨੂੰ ਬਹਾਲ ਕਰੇ ਸਰਕਾਰ:- ਭੱਠਲ

ਨੂਰਪੁਰ ਬੇਦੀ,
-ਰੋਜ਼ਾਨਾ ਸਵੇਰਾ-
ਪਿਛਲੀ ਸਰਕਾਰ ਵਲੋਂ ਸਰੀਰਕ ਸਿੱਖਿਆ ਤੇ ਖੇਡਾਂ ਵਿਸੇ ਨੂੰ ਸਕੂਲਾਂ ਵਿੱਚੋਂ ਉਜਾੜਨ ਦੀ ਨੀਅਤ ਨਾਲ ਜਿੱਥੇ ਵਿਸੇ ਨੂੰ ਲਾਜਮੀ ਤੋਂ ਆਪਸਨਲ ਕਰ ਦਿੱਤਾ ਸੀ ਉਥੇ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਮੰਜੂਰਸ਼ੁਦਾ ਪੋਸਟਾਂ ਨੂੰ ਚੁੱਪ-ਚੁਪੀਤੇ ਖਤਮ ਕਰ ਦਿੱਤਾ ਸੀ। ਜਿਸ ਕਾਰਣ ਖੇਡਾਂ ਵਿੱਚ ਪੰਜਾਬ ਦੀ ਸਾਖ ਨੂੰ ਭਾਰੀ ਸੱਟ ਵੱਜਣੀ ਸੁਰੂ ਹੋ ਗਈ ਹੈ।
ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪ੍ਰੈਸ ਨੂੰ ਜਾਰੀ ਲਿਖਤੀ ਬਿਆਨ ਰਾਹੀਂ ਗੌਰਮਿੰਟ ਫਿਜੀਕਲ ਐਜੂਕੇਸ਼ਨ ਟੀਚਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਰਣਜੀਤ



ਸਿੰਘ ਭੱਠਲ ਨੇ ਕਿਹਾ ਕਿ ਬੀਤੇ ਸਮੇਂ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਨੌਵੀਂ ਤੋਂ ਬਾਰਵੀਂ ਜਮਾਤ ਤੱਕ ਸਰੀਰਕ ਸਿੱਖਿਆ ਤੇ ਖੇਡਾਂ ਵਿਸੇ ਦੀ ਥਿਊਰੀ ਨੂੰ ਕੇਵਲ 20 ਨੰਬਰਾਂ ਤੱਕ ਹੀ ਸਮੇਟ ਦਿੱਤਾ ਸੀ। ਪਰੰਤੂ ਜਥੇਬੰਦੀ ਵਲੋਂ ਇਸ ਦਾ ਭਾਰੀ ਵਿਰੋਧ ਕੀਤਾ ਜਾ ਰਿਹਾ ਸੀ ਜਿਸ ਤੇ ਹੁਣ ਬੋਰਡ ਵਲੋਂ ਦੁਬਾਰਾ ਸੋਧ ਕਰਦਿਆਂ ਨੌਵੀਂ ਤੋਂ ਬਾਰਵੀਂ ਜਮਾਤ ਤੱਕ ਥਿਊਰੀ ਦੇ 50 ਅੰਕ ਪਰੈਕਟੀਕਲ ਦੇ 40 ਅੰਕ ਅਤੇ ਅੰਦਰੂਨੀ ਮੁਲਾਂਕਣ ਦੇ 10 ਅੰਕ ਕਰ ਦਿੱਤੇ ਗਏ ਹਨ, ਜਿਸ ਤੇ ਜਥੇਬੰਦੀ ਵਲੋਂ ਬੋਰਡ ਦਾ ਧੰਨਵਾਦ ਕੀਤਾ ਗਿਆ ਹੈ।
ਭੱਠਲ ਨੇ ਕਿਹਾ ਕਿ ਹਰੇਕ ਵਿਦਿਆਰਥੀ ਸਰੀਰਕ ਸਿੱਖਿਆ ਤੇ ਖੇਡਾਂ ਵਿਸੇ ਨੂੰ ਤਵੱਜੋ ਦਿੰਦਾ ਹੈ ਤਾਂ ਕਿ ਉਹ ਆਪਣੇ ਮਾਨਸਿਕ ਬੋਝ ਨੂੰ ਹਲਕਾ ਕਰ ਸਕੇ। ਭੱਠਲ ਨੇ ਦੱਸਿਆ ਕਿ ਪੰਜਾਬ ਦੇ ਲੱਗਭੱਗ ਹਰੇਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਗਿਆਰਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਵਲੋਂ ਸਰੀਰਕ ਸਿੱਖਿਆ ਤੇ ਖੇਡਾਂ ਵਿਸੇ ਨੂੰ ਪੜਿਆ ਜਾ ਰਿਹਾ ਹੈ ਪਰੰਤੂ ਸਿੱਖਿਆ ਵਿਭਾਗ ਵਲੋਂ ਇਸ ਵਿਸੇ ਦੇ ਲੈਕਚਰਾਰ ਲਾਉਣ ਦੀ ਥਾਂ ਕੇਵਲ ਪੀਟੀਆਈ ਜਾਂ ਡੀਪੀਈ ਰਾਹੀਂ ਹੀ ਬੁੱਤਾ ਸਾਰਿਆ ਜਾ ਰਿਹਾ ਹੈ।
ਉਨ੍ਹਾਂ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਖੇਡਾਂ ਵਿੱਚ ਸੂਬੇ ਦਾ ਨਾਮ ਉੱਚਾ ਚੁੱਕਣ ਲਈ ਸਰੀਰਕ ਸਿੱਖਿਆ ਤੇ ਖੇਡਾਂ ਵਿਸੇ ਨੂੰ ਪ੍ਰਾਇਮਰੀ ਤੋਂ ਬਾਰਵੀਂ ਜਮਾਤ ਤੱਕ ਲਾਜ਼ਮੀ ਕਰਦਿਆਂ ਖਤਮ ਕੀਤੀਆਂ ਪੋਸਟਾਂ ਨੂੰ ਬਹਾਲ ਕਰਕੇ ਅਧਿਆਪਕਾਂ ਦੀ ਭਰਤੀ ਅਤੇ ਤਰੱਕੀਆਂ ਕਰੇ

# ਖ਼ੁਸ਼ ਵੀ ਹਾਂ ਤੇ ਘਬਰਾਇਆ ਹੋਇਆ ਵੀ ਰਣਬੀਰ ਕਪੂਰ



ਛੇਤੀ ਹੀ ਪਿਤਾ ਬਣਨ ਜਾ ਰਿਹਾ ਅਦਾਕਾਰ ਰਣਬੀਰ ਕਪੂਰ ਇਸ ਵੇਲੇ ਕਈ ਤਰ੍ਹਾਂ ਦੇ ਭਾਵੁਕ ਉਤਾਰ-ਚੜ੍ਹਾਅ 'ਚੋਂ ਲੰਘ ਰਿਹਾ ਹੈ। ਇੱਕ ਪਲ ਲਈ ਉਹ ਬਹੁਤ ਉਤਸ਼ਾਹਿਤ ਹੋ ਜਾਂਦਾ ਹੈ ਤੇ ਦੂਜੇ ਹੀ ਪਲ ਪਿਤਾ ਬਣਨ ਦੀ ਜ਼ਿੰਮੇਵਾਰੀ ਉਸ ਨੂੰ ਥੋੜ੍ਹਾ ਡਰਾ ਦਿੰਦੀ ਹੈ।

ਰਣਬੀਰ ਕਪੂਰ ਦਾ ਕਹਿਣਾ ਹੈ ਕਿ ਉਹ ਆਪਣੇ ਪਹਿਲੇ ਬੱਚੇ ਦੀ ਖ਼ਬਰ ਮਿਲਣ ਮਗਰੋਂ ਬਹੁਤ ਹੀ ਖ਼ੁਸ਼ ਅਤੇ ਉਤਸ਼ਾਹਿਤ ਹੈ। ਜ਼ਿਕਰਯੋਗ ਹੈ ਕਿ ਰਣਬੀਰ ਕਪੂਰ ਤੇ ਆਲੀਆ ਭੱਟ ਅਪਰੈਲ ਮਹੀਨੇ ਵਿੱਚ ਵਿਆਹ ਬੰਧਨ 'ਚ ਬੱਝੇ ਸਨ ਅਤੇ ਪਿਛਲੇ ਮਹੀਨੇ ਆਲੀਆ ਵੱਲੋਂ ਆਪਣੇ ਗਰਭਵਤੀ ਹੋਣ ਦੀ ਖ਼ੁਸ਼ੀ ਪ੍ਰਸ਼ੰਸਕਾਂ ਨਾਲ ਸਾਂਝੀ ਕੀਤੀ ਗਈ ਸੀ। ਰਣਬੀਰ ਦਾ ਕਹਿਣਾ ਹੈ ਕਿ ਬੇਸ਼ੱਕ ਉਸ ਲਈ ਇਸ ਅਹਿਸਾਸ ਨੂੰ ਬਿਆਨ ਕਰ ਸਕਣਾ ਬਹੁਤ ਔਖਾ ਕੰਮ ਹੈ, ਪਰ ਫਿਰ ਵੀ ਉਹ ਆਪਣੇ ਜੀਵਨ ਦੇ ਇਸ ਨਵੇਂ ਪੜਾਅ ਨੂੰ ਲੈ ਕੇ ਬਹੁਤ ਉਤਸ਼ਾਹਿਤ ਹੈ। ਅਦਾਕਾਰ ਦਾ ਕਹਿਣਾ ਹੈ, 'ਮੈਂ ਖ਼ੁਦ ਨੂੰ ਖ਼ੁਸ਼ਕਿਸਮਤ ਮਹਿਸੂਸ ਕਰ ਰਿਹਾ ਹਾਂ, ਉਤਸ਼ਾਹਿਤ ਹਾਂ, ਘਬਰਾਇਆ ਹੋਇਆ ਹਾਂ ਤੇ ਇਸ ਦੇ ਨਾਲ ਹੀ ਡਰਿਆ ਹੋਇਆ ਵੀ ਹਾਂ ਕਿਉਂਕਿ ਇਸ ਮੌਕੇ ਮੈਨੂੰ ਖ਼ੁਦ ਕੋਲੋਂ ਤੇ ਇਸ ਰਿਸ਼ਤੇ ਕੋਲੋਂ ਬਹੁਤ ਸਾਰੀਆਂ ਉਮੀਦਾਂ ਹਨ ਅਤੇ ਮੈਂ ਇਸ ਕੋਲੋਂ ਕੀ ਚਾਹੁੰਦਾ ਹਾਂ ਤੇ ਮੈਂ ਕੀ ਦੇਣਾ ਚਾਹੁੰਦਾ ਹਾਂ।'

## ਪੁਰਾਤਨ ਸੱਭਿਆਚਾਰ ਦੀ ਵਿੱਲਖਣ ਪੇਸ਼ਕਾਰੀ

# 'ਸਹੁਰਿਆਂ ਦਾ ਪਿੰਡ ਆ ਗਿਆ'



ਹਰਜਿੰਦਰ ਸਿੰਘ ਜਵੰਦਾ
9463828000

ਗੁਰਨਾਮ ਭੁੱਲਰ ਜਿੰਨਾ ਵਧੀਆ ਗਾਇਕ ਹੈ ਉਨਾ ਹੀ ਵਧੀਆ ਅਦਾਕਾਰ ਵੀ। ਆਪਣੀਆਂ ਕੁਝ ਕੁ ਫ਼ਿਲਮਾਂ ਸਦਕਾ ਹੀ ਉਹ ਅੱਜ ਸਟਾਰ ਕਲਾਕਾਰਾਂ ਦੀ ਕਤਾਰ ਵਿੱਚ ਹੈ। ਪਿਛਲੇ ਦਿਨਾਂ ਵਿੱਚ ਰਿਲੀਜ਼ ਫ਼ਿਲਮ 'ਲੇਖ' ਨੇ ਵੇਖਦਿਆਂ ਉਸਦੀ ਕਲਾ ਕੇ ਅਨੇਕਾਂ ਰੰਗ ਉੱਭਰ ਕੇ ਸਾਹਮਣੇ ਆਏ। ਉਸਦੀ ਜੋੜੀ ਅੱਜ ਦੀ ਹਰੇਕ ਸੁਪਰਸਟਾਰ ਨਾਲ ਫਿੱਟ ਬਹਿੰਦੀ ਹੈ। ਤਾਨੀਆ, ਸੁਰਗੁਣ ਮਹਿਤਾ, ਸੋਨਮ ਬਾਜਵਾ ਉਸਦੀਆਂ ਵੱਖ ਵੱਖ ਫ਼ਿਲਮਾਂ ਵਿੱਚ ਹੀਰੋਇਨਾਂ ਰਹੀਆਂ। ਜੇਕਰ ਗੁਰਨਾਮ ਭੁੱਲਰ ਦੀ ਨਵੀਂ ਆ ਰਹੀ ਫ਼ਿਲਮ 'ਸਹੁਰਿਆਂ ਦਾ ਪਿੰਡ ਆ ਗਿਆ' ਦੀ ਗੱਲ ਕਰੀਏ ਤਾਂ ਇਸ ਫ਼ਿਲਮ ਵਿੱਚ ਉਸਦੀ ਨਾਇਕਾ ਸਰਗੁਣ ਮਹਿਤਾ ਹੈ ਜੋ ਉਸ ਨਾਲ ਪਹਿਲਾਂ ਸੁਪਰ ਹਿੱਟ ਫ਼ਿਲਮ 'ਸੁਰਖੀ ਬਿੰਦੀ' ਵੀ ਕਰ ਚੁੱਕੀ ਹੈ। ਫ਼ਿਲਮ 'ਸਹੁਰਿਆਂ ਦਾ ਪਿੰਡ ਆ ਗਿਆ' ਦਾ ਟਰੇਲਰ ਬੀਤੇ ਦਿਨੀਂ ਆਇਆ ਹੈ ਜੋ ਦਰਸ਼ਕਾਂ ਵਿੱਚ ਫ਼ਿਲਮ ਪ੍ਰਤੀ ਉਤਸੁਕਤਾ ਵਧਾਉਂਦਾ ਹੈ। ਇਹ ਫ਼ਿਲਮ ਪਿਆਰ ਮੁਹੱਬਤ ਵਿੱਚ ਕੱਚੀ ਉਮਰੇ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਚਾਹਤ ਭਰੀ ਰੁਮਾਂਟਿਕ ਤੇ ਮਨੋਰੰਜਨ ਭਰਪੂਰ ਕਹਾਣੀ ਹੈ। ਅੰਬਰਦੀਪ ਵਲੋਂ ਲਿਖੀ ਇਸ ਫ਼ਿਲਮ ਨੂੰ ਸ਼ਿਤਿਜ਼ ਚੌਧਰੀ ਨੇ ਡਾਇਰੈਕਟ ਕੀਤਾ ਹੈ।

ਫ਼ਿਲਮ ਵਿੱਚ ਗੁਰਨਾਮ ਭੁੱਲਰ, ਸਰਗੁਣ ਮਹਿਤਾ, ਜੱਸ ਬਾਜਵਾ, ਜੈਸਮੀਨ ਬਾਜਵਾ, ਸ਼ਿਵਿਕਾ ਦੀਵਾਨ, ਪਰਮਿੰਦਰ ਕੌਰ ਗਿੱਲ ਤੇ ਹਰਦੀਪ ਗਿੱਲ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੇ ਗੀਤ ਬਹੁਤ ਵਧੀਆ ਹਨ। ਫਿਲਮ ਦੀ ਕਹਾਣੀ 90 ਦੇ ਦਹਾਕੇ ਦੇ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨੂੰ ਦਰਸਾਉਂਦੀ ਪਿਆਰ ਦੀ ਉਲਝਣ ਭਰੀ ਕਹਾਣੀ ਹੈ, ਜਦੋਂ ਮਾਪਿਆਂ ਨਾਲ ਰਿਸ਼ਤੇ ਬਾਰੇ ਗੱਲ ਕਰਨ ਦੀ ਅੱਜ ਵਾਂਗ ਖੁੱਲ੍ਹ ਨਹੀਂ ਸੀ ਹੁੰਦੀ। ਫ਼ਿਲਮ ਦਾ ਨਾਇਕ ਕਿਸੇ ਵਿਚੋਲੇ ਹੱਥ ਕੁੜੀ ਵਾਲਿਆਂ ਦੇ ਘਰ ਆਪਣੇ ਰਿਸ਼ਤੇ ਦੀ ਪੇਸ਼ਕਸ਼ ਭੇਜਦਾ ਹੈ ਪਰ ਅਚਾਨਕ ਪਿੰਡ 'ਚ ਇਕੋ ਨਾਂ ਦੇ ਦੋ ਘਰ ਹੋਣ ਕਰਕੇ ਰਿਸ਼ਤਾ ਕਿਸੇ ਹੋਰ ਘਰ ਚਲਾ ਜਾਂਦਾ ਹੈ। ਇਸ ਤਰ੍ਹਾਂ ਉਨ੍ਹਾਂ ਦੇ ਪਿਆਰ ਵਿੱਚ ਇੱਕ ਨਵੀਂ ਉਲਝਣ ਪੈ ਜਾਂਦੀ ਹੈ ਜਿਸ ਚੋਂ ਨਿਕਲਣ ਲਈ ਉਹ ਅਨੇਕਾਂ ਯਤਨ ਕਰਦੇ ਹਨ ਜੋ ਦਰਸ਼ਕਾਂ ਨੂੰ ਆਪਣੇ ਨਾਲ ਜੋੜਦੇ ਫ਼ਿਲਮ ਦੇ ਦਿਲਚਸਪ ਪਹਿਲੂ ਹਨ। ਸ਼੍ਰੀ ਨਰੋਤਮ ਜੀ ਫ਼ਿਲਮ ਪ੍ਰੋਡਕਸ਼ਨ, ਨਿਊ ਏਰਾ ਫ਼ਿਲਮਜ਼ ਅਤੇ ਬਾਲੀਵੁੱਡ ਹਾਈਟਸ ਦੇ ਸਹਿਯੋਗ ਨਾਲ ਜ਼ੀ ਸਟੂਡੀਓਜ਼ ਦੁਆਰਾ ਪੇਸ਼ ਕੀਤੀ ਗਈ ਇਹ ਫਿਲਮ ਅੱਠ ਜੁਲਾਈ ਨੂੰ ਸਿਨੇਮਾਘਰਾਂ ਦਾ ਸ਼ਿੰਗਾਰ ਬਣੇਗੀ।

# ਸਾਰਾ ਅਲੀ ਖਾਨ ਨੇ ਪਿਤਾ ਤੇ ਭਰਾਵਾਂ ਨਾਲ ਤਸਵੀਰਾਂ ਸਾਂਝੀਆਂ ਕੀਤੀਆਂ

ਬੌਲੀਵੁੱਡ ਅਦਾਕਾਰਾ ਸਾਰਾ ਅਲੀ ਖਾਨ ਨੇ ਆਪਣੇ ਭਰਾ ਇਬਰਾਹਿਮ ਅਲੀ ਖਾਨ, ਪਿਤਾ ਸੈਫ ਅਲੀ ਖਾਨ ਅਤੇ ਪਟੌਦੀ ਖਾਨਦਾਨ ਦੇ ਸਭ ਤੋਂ ਛੋਟੇ ਮੈਂਬਰ ਜੇਹ ਨਾਲ ਬਿਤਾਏ ਪਲਾਂ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਜਾਣਕਾਰੀ ਮੁਤਾਬਕ ਸਾਰਾ ਇਨ੍ਹੀਂ ਦਿਨੀਂ ਲੰਡਨ ਵਿੱਚ ਆਪਣੇ ਪਰਿਵਾਰ ਨਾਲ ਛੁੱਟੀਆਂ ਬਿਤਾ ਰਹੀ ਹੈ। ਸਾਰਾ ਨੇ ਇਹ ਤਸਵੀਰਾਂ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਤਸਵੀਰਾਂ ਵਿੱਚ ਇਬਰਾਹਿਮ, ਸੈਫ ਅਲੀ ਖਾਨ ਤੇ ਜੇਹ ਹਨ। ਅਦਾਕਾਰਾ ਕਰੀਨਾ ਕਪੂਰ ਖਾਨ ਤੇ ਤੈਮੂਰ ਇਨ੍ਹਾਂ ਤਸਵੀਰਾਂ ਵਿੱਚ ਨਹੀਂ ਹਨ। ਸਾਰਾ ਨੇ ਇਨ੍ਹਾਂ ਤਸਵੀਰਾਂ ਨੂੰ ਕੈਪਸ਼ਨ ਦਿੱਤੀ ਹੈ, "ਪਟੌਦੀਆਂ ਦੇ ਨਾਲ ਜੁੜੇ ਰਹੋ।" ਕੰਮ ਬਾਰੇ ਗੱਲ ਕਰੀਏ ਤਾਂ ਸਾਰਾ ਨੂੰ ਆਖਰੀ ਵਾਰ ਆਨੰਦ ਐੱਲ ਰਾਏ ਦੀ ਫ਼ਿਲਮ 'ਅਤਰੰਗੀ ਰੇ' ਵਿੱਚ ਦੇਖਿਆ ਗਿਆ ਸੀ। ਹੁਣ ਉਹ 'ਗੈਸਲਾਈਟ' ਫ਼ ?ਲਮ ਵਿੱਚ ਨਜ਼ਰ ਆਵੇਗੀ, ਜਿਸ ਵਿੱਚ ਵਿਕਰਾਂਤ ਮੈਸੀ ਵੀ ਹਨ। ਉਸ ਕੋਲ ਵਿੱਕੀ ਕੌਸ਼ਲ ਨਾਲ ਫਿਲਮ ਨਿਰਮਾਤਾ ਲਕਸ਼ਮਣ ਉਤੇਕਰ ਦਾ ਪ੍ਰਾਜੈਕਟ ਵੀ ਹੈ।



# ਹੁਣ ਦਰਸ਼ਕ ਮੇਰੇ 'ਚ ਸੁਧਾਰ ਦੇਖਣਗੇ ਅਰਜੁਨ ਕਪੂਰ



ਬੌਲੀਵੁੱਡ ਅਦਾਕਾਰ ਅਰਜੁਨ ਕਪੂਰ ਪਿਛਲੇ ਇਕ ਦਹਾਕੇ ਤੋਂ ਹਿੰਦੀ ਸਿਨੇ ਜਗਤ ਵਿੱਚ ਹੈ। ਉਸ ਨੂੰ ਉਮੀਦ ਹੈ ਕਿ ਦਰਸ਼ਕ ਉਸ ਦੀਆਂ ਆਉਣ ਵਾਲੀਆਂ ਫਿਲਮਾਂ 'ਏਕ ਵਿਲਨ ਰਿਟਰਨ', 'ਕੁੱਤੇ' ਅਤੇ 'ਦਿ ਲੇਡੀਕਿਲਰ' ਰਾਹੀਂ ਉਸ 'ਚ ਵਿਕਾਸ ਅਤੇ ਸੁਧਾਰ ਦੇਖਣਗੇ। 'ਦਿ ਲੇਡੀਕਿਲਰ' ਉਸ ਦੀ 18ਵੀਂ ਫਿਲਮ ਹੈ। ਅਰਜੁਨ ਨੇ ਕਿਹਾ, "ਸਿਨੇ ਜਗਤ ਵਿੱਚ ਮੈਂ ਅਜੇ ਵੀ ਵਿਦਿਆਰਥੀ ਹਾਂ। ਮੈਂ ਵੱਖ-ਵੱਖ ਤਰ੍ਹਾਂ ਦੀਆਂ ਫ਼ਿਲਮਾਂ ਵਿੱਚ ਕੰਮ ਕਰ ਕੇ ਬਹੁਤ ਕੁਝ ਸਿੱਖਿਆ ਹੈ। 'ਦਿ ਲੇਡੀਕਿਲਰ' ਮੇਰੀ 18ਵੀਂ ਫ਼ਿਲਮ ਹੈ ਅਤੇ ਮੈਂ ਹਰ ਫ਼ਿਲਮ ਵਿੱਚ ਸਿੱਖਣ ਦਾ ਨਵਾਂ ਤਜਰਬਾ ਹੋ ਰਿਹਾ ਹੈ।

ਮੈਂ ਸ਼ਾਇਦ ਕੁਝ ਫਿਲਮਾਂ ਕੀਤੀਆਂ ਹੋਣਗੀਆਂ ਜਿਨ੍ਹਾਂ ਵਿੱਚ ਮੇਰਾ ਕੰਮ ਬਹੁਤਾ ਚੰਗਾ ਨਹੀਂ ਹੋਵੇਗਾ ਪਰ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਮਿਹਨਤ ਨਹੀਂ ਕੀਤੀ। 'ਸਰਦਾਰ ਕਾ ਗਰੈਂਡਸਨ', 'ਸੰਦੀਪ ਔਰ ਪਿੰਕੀ ਫ਼ਰਾਰ' ਅਤੇ 'ਭੂਤ ਪੁਲੀਸ' ਵਿੱਚ ਤੁਸੀਂ ਮੇਰੇ ਵੱਖ-ਵੱਖ ਕਿਰਦਾਰ ਦੇਖ ਸਕਦੇ ਹੋ ਤੇ ਇਨ੍ਹਾਂ ਫਿਲਮਾਂ ਵਿੱਚ ਮੈਂ ਆਪਣੇ ਕਿਰਦਾਰ ਨਾਲ ਇਨਸਾਫ਼ ਕਰਨ ਦੀ ਪੂਰੀ ਕੋਸ਼ਿਸ਼ ਕੀਤੀ।"37 ਸਾਲਾ ਅਦਾਕਾਰ ਨੇ ਕਿਹਾ ਕਿ ਹੁਣ ਉਹ 'ਏਕ ਵਿਲਨ ਰਿਟਰਨ', 'ਕੁੱਤੇ' ਅਤੇ 'ਦਿ ਲੇਡੀਕਿਲਰ' ਨਾਲ ਦਰਸ਼ਕਾਂ ਵਿੱਚ ਹਾਜ਼ਰੀ ਲਗਵਾਉਣ ਆ ਰਿਹਾ ਹੈ। ਉਸ ਨੇ ਆਸ ਪ੍ਰਗਟਾਈ ਕਿ ਦਰਸ਼ਕ ਉਸ 'ਚ ਸੁਧਾਰ ਦੇਖਣਗੇ।

# ਤਾਪਸੀ ਪੰਨੂ ਦੀ ਫਿਲਮ 'ਸ਼ਾਬਾਸ਼ ਮਿੱਠੂ' ਦਾ 'ਹਿੰਦੁਸਤਾਨ ਮੇਰੀ ਜਾਨ' ਗੀਤ ਹੋਇਆ ਰਿਲੀਜ਼



ਅਦਾਕਾਰਾ ਤਾਪਸੀ ਪੰਨੂ ਦੀ ਆਉਣ ਵਾਲੀ ਫਿਲਮ 'ਸ਼ਾਬਾਸ਼ ਮਿੱਠੂ' ਸਿਨੇਮਾਘਰਾਂ 'ਚ ਰਿਲੀਜ਼ ਹੋਣ ਲਈ ਪੂਰੀ ਤਰ੍ਹਾਂ ਤਿਆਰ ਹੈ। ਹੁਣ ਵੀਰਵਾਰ ਨੂੰ ਨਿਰਮਾਤਾਵਾਂ ਨੇ ਫਿਲਮ ਦਾ ਗੀਤ 'ਹਿੰਦੁਸਤਾਨ ਮੇਰੀ ਜਾਨ' ਰਿਲੀਜ਼ ਕਰ ਦਿੱਤਾ ਹੈ। ਇਹ ਇੱਕ ਸਪੋਰਟਸ ਮੋਟੀਵੇਸ਼ਨਲ ਸਾਊਂਡਟ੍ਰੈਕ 'ਤੇ ਆਧਾਰਿਤ ਗੀਤ ਹੈ।

ਗੀਤ ਵਿੱਚ ਮਿਤਾਲੀ ਰਾਜ ਦੀ ਕਾਮਯਾਬੀ ਨੂੰ ਦਿਖਾਇਆ ਗਿਆ ਹੈ। ਸਵਾਨੰਦ ਕਿਰਕਿਰਨ ਦੁਆਰਾ ਲਿਖੇ ਇਸ ਭਾਵੁਕ ਅਤੇ ਪ੍ਰੇਰਿਤ ਗੀਤ ਨੂੰ ਕੈਲਾਸ਼ ਖੇਰ ਅਤੇ ਅਮਿਤ ਤ੍ਰਿਵੇਦੀ ਨੇ ਆਪਣੀ ਵਧੀਆ ਆਵਾਜ਼ ਵਿੱਚ ਗਾਇਆ ਹੈ। ਸਾਢੇ ਤਿੰਨ ਮਿੰਟ ਦੇ ਇਸ ਗੀਤ ਰਾਹੀਂ, ਨਿਰਮਾਤਾਵਾਂ ਨੇ ਛੋਟੀ ਮਿਤਾਲੀ ਰਾਜ ਦੁਆਰਾ ਸ਼ੁਰੂ ਕੀਤੀ ਸਫਲਤਾ ਨੂੰ ਦਿਖਾਇਆ ਹੈ, ਜੋ ਬਾਅਦ ਵਿੱਚ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਬਣੀ ਅਤੇ ਆਪਣੇ ਸੁਪਨਿਆਂ ਨੂੰ ਪੂਰਾ ਕਰਦੀ ਹੈ। ਇਸ ਦੇ ਨਾਲ ਹੀ ਇਸ ਗੀਤ ਤੋਂ ਪਹਿਲਾਂ ਫਿਲਮ ਦਾ ਮੋਟੀਵੇਸ਼ਨ ਗੀਤ 'ਫਤਿਹ' ਰਿਲੀਜ਼ ਹੋਇਆ ਸੀ। ਇਸ ਗੀਤ ਰਾਹੀਂ ਫਿਲਮ 'ਚ ਤਾਪਸੀ ਪੰਨੂ ਦੇ ਸਫਰ ਨੂੰ ਦਿਖਾਇਆ ਗਿਆ ਹੈ, ਉਹ ਭਾਰਤੀ ਮਹਿਲਾ ਕ੍ਰਿਕਟ ਟੀਮ ਨੂੰ ਆਪਣੇ ਦਮ 'ਤੇ ਕਈ ਮੁਸ਼ਕਲ ਹਾਲਾਤਾਂ 'ਚੋਂ ਬਾਹਰ ਕੱਢਦੀ ਨਜ਼ਰ ਆ ਰਹੀ ਹੈ।

ਹਾਲ ਹੀ 'ਚ ਫਿਲਮ ਦਾ ਟ੍ਰੇਲਰ ਰਿਲੀਜ਼ ਹੋਇਆ ਸੀ, ਜਿਸ ਨੂੰ ਪ੍ਰਸ਼ੰਸਕਾਂ ਵਲੋਂ ਕਾਫੀ ਪਸੰਦ ਕੀਤਾ ਗਿਆ ਸੀ। ਇਸ ਟ੍ਰੇਲਰ 'ਚ ਮਿਤਾਲੀ ਰਾਜ ਦੇ ਰੂਪ 'ਚ ਤਾਪਸੀ ਭਾਰਤੀ ਮਹਿਲਾ ਕ੍ਰਿਕਟ ਟੀਮ ਨੂੰ ਮਿਲਣ ਵਾਲੀਆਂ ਸਹੂਲਤਾਂ ਲਈ ਲੜਦੀ ਨਜ਼ਰ ਆ ਰਹੀ ਹੈ। ਤੁਹਾਨੂੰ ਦੱਸ ਦੇਈਏ ਕਿ ਫਿਲਮ 'ਸ਼ਾਬਾਸ਼ ਮਿੱਠੂ' ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਸਾਬਕਾ ਕਪਤਾਨ ਮਿਤਾਲੀ ਰਾਜ ਦੀ ਬਾਇਓਪਿਕ ਹੈ, ਇਸ ਫਿਲਮ 'ਚ ਤਾਪਸੀ ਮਿਤਾਲੀ ਰਾਜ ਦਾ ਮੁੱਖ ਕਿਰਦਾਰ ਨਿਭਾਅ ਰਹੀ ਹੈ। ਪ੍ਰਿਆ ਅਵਾਨ ਦੁਆਰਾ ਲਿਖੀ ਗਈ ਇਸ ਫਿਲਮ ਦਾ ਨਿਰਦੇਸ਼ਨ ਰਾਹੁਲ ਢੋਲਕੀਆ ਨੇ ਕੀਤਾ ਹੈ। ਇਹ ਸਪੋਰਟਸ ਡਰਾਮਾ ਫਿਲਮ 15 ਜੁਲਾਈ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਵੇਗੀ। ਤਾਪਸੀ ਪੰਨੂ ਇਸ ਸਾਲ ਬੈਕ-ਟੂ-ਬੈਕ ਕਈ ਫਿਲਮਾਂ ਵਿੱਚ ਨਜ਼ਰ ਆਉਣ ਵਾਲੀ ਹੈ, ਜਿਸ ਵਿੱਚ 'ਡੰਕੀ', 'ਬਲਰ', 'ਤੜਕਾ', 'ਦੋ-ਬਾਰਾ' ਵਰਗੀਆਂ ਵੱਡੇ ਬਜਟ ਦੀਆਂ ਫਿਲਮਾਂ ਸ਼ਾਮਲ ਹਨ। ਉਹ ਆਖਰੀ ਵਾਰ ਫਿਲਮ 'ਲੂਪ ਲਪੇਟਾ' ਵਿੱਚ ਨਜ਼ਰ ਆਈ ਸੀ।

# ਸਾਬਕਾ ਪ੍ਰਧਾਨ ਮੰਤਰੀ ਦੀ ਬਾਇਓਪਿਕ 'ਚ ਅਟਲ ਬਿਹਾਰੀ ਵਾਜਪਾਈ ਦਾ ਕਿਰਦਾਰ ਨਿਭਾਉਣਗੇ ਪੰਕਜ ਤ੍ਰਿਪਾਠੀ





ਬਾਲੀਵੁੱਡ ਇੰਡਸਟਰੀ 'ਚ ਹਰ ਸਾਲ ਕਿਸੇ ਨਾ ਕਿਸੇ ਮਸ਼ਹੂਰ ਹਸਤੀ 'ਤੇ ਬਾਇਓਪਿਕ ਬਣਾਈ ਜਾਂਦੀ ਹੈ। ਹਾਲ ਹੀ 'ਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ 'ਤੇ ਫਿਲਮ ਬਣਾਉਣ ਦਾ ਐਲਾਨ ਕੀਤਾ ਗਿਆ ਸੀ। ਫਿਲਮ 'ਮੈਂ ਰਹੂੰ ਯਾ ਨਾ ਰਹੂੰ, ਯੇ ਦੇਸ਼ ਰਹਿ ਰਹਿਨਾ ਚਾਹੀਏ - ਅਟਲ' ਐਨਪੀ ਦੀ ਕਿਤਾਬ 'ਦਿ ਅਨਟੋਲਡ ਵਾਜਪਾਈ ਐਂਡ ਪੈਰਾਡੌਕਸ' 'ਤੇ ਆਧਾਰਿਤ ਹੋਵੇਗੀ। ਉਦੋਂ ਤੋਂ ਹੀ ਲੋਕ ਇਸ ਫਿਲਮ ਦੇ ਪਰਦੇ 'ਤੇ ਆਉਣ ਦਾ ਇੰਤਜ਼ਾਰ ਕਰ ਰਹੇ ਹਨ। ਹੁਣ ਲੋਕਾਂ ਦੇ ਦਿਮਾਗ 'ਚ ਸਵਾਲ ਹੈ ਕਿ ਅਟਲ ਬਿਹਾਰੀ ਵਾਜਪਾਈ ਦਾ ਕਿਰਦਾਰ ਕਿਹੜਾ ਅਦਾਕਾਰ ਨਿਭਾਏਗਾ। ਫਿਲਮ ਲਈ ਨਿਰਮਾਤਾਵਾਂ ਨੂੰ ਅਜਿਹੇ ਚਿਹਰੇ ਦੀ ਤਲਾਸ਼ ਸੀ ਜੋ ਉਸ ਦੀ ਭੂਮਿਕਾ 'ਚ ਪੂਰੀ ਤਰ੍ਹਾਂ ਫਿੱਟ ਹੋ ਸਕੇ। ਹੁਣ ਖ਼ਬਰ ਆਈ ਹੈ ਕਿ ਮੇਕਰਸ ਨੇ ਅਟਲ ਬਿਹਾਰੀ ਵਾਜਪਾਈ ਦੀ ਭੂਮਿਕਾ ਨਿਭਾਉਣ ਲਈ ਇੱਕ ਅਦਾਕਾਰ ਲੱਭ ਲਿਆ ਹੈ। ਰਿਪੋਰਟ ਦੇ ਅਨੁਸਾਰ, ਫਿਲਮ ਨਿਰਮਾਤਾਵਾਂ ਦੇ ਇੱਕ ਨਜ਼ਦੀਕੀ ਸੂਤਰ ਨੇ ਦਾਅਵਾ ਕੀਤਾ ਹੈ, ਇਹ ਪੰਕਜ ਤ੍ਰਿਪਾਠੀ ਹਨ ਜੋ ਸਿਲਵਰ ਸਕ੍ਰੀਨ 'ਤੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਕਿਰਦਾਰ ਨਿਭਾਉਣਗੇ। ਦੱਸ ਦੇਈਏ ਕਿ ਪੰਕਜ ਤ੍ਰਿਪਾਠੀ ਹਾਲ ਹੀ 'ਚ ਰਿਲੀਜ਼ ਹੋਈ ਫਿਲਮ 'ਸ਼ੇਰਦਿਲ' 'ਚ ਨਜ਼ਰ ਆਏ ਸਨ।

ਵਿਨੋਦ ਭਾਨੁਸ਼ਾਲੀ, ਸੰਦੀਪ ਸਿੰਘ, ਸੈਮ ਖਾਨ, ਕਮਲੇਸ਼ ਭਾਨੁਸ਼ਾਲੀ ਅਤੇ ਵਿਸ਼ਾਲ ਗੁਰਨਾਨੀ ਅਟਲ ਬਿਹਾਰੀ ਵਾਜਪਾਈ ਦੀ ਫਿਲਮ ਦਾ ਨਿਰਮਾਣ ਕਰਨਗੇ, ਜੋ ਸਾਲ 2023 ਵਿੱਚ ਰਿਲੀਜ਼ ਹੋਵੇਗੀ। ਇਹ ਫਿਲਮ ਸਾਲ 2023 'ਚ ਸਿਨੇਮਾਘਰਾਂ 'ਚ ਰਿਲੀਜ਼ ਹੋ ਸਕਦੀ ਹੈ। ਨਿਰਮਾਤਾ ਅਟਲ ਬਿਹਾਰੀ ਵਾਜਪਾਈ ਦੀ ਬਾਇਓਪਿਕ ਕ੍ਰਿਸਮਸ, 2023 ਨੂੰ ਉਨ੍ਹਾਂ ਦੇ 99ਵੇਂ ਜਨਮਦਿਨ 'ਤੇ ਰਿਲੀਜ਼ ਹੋਵੇਗੀ।

ਧਿਆਨ ਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਕਈ ਰਾਜਨੇਤਾਵਾਂ 'ਤੇ ਬਾਇਓਪਿਕਸ ਬਣ ਚੁੱਕੀਆਂ ਹਨ। ਵਿਵੇਕ ਓਬਰਾਏ ਨੇ ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬਾਇਓਪਿਕ ਵਿੱਚ ਆਪਣੀ ਭੂਮਿਕਾ ਨਿਭਾਈ ਹੈ। ਅਨੁਪਮ ਖੇਰ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਬਾਇਓਪਿਕ ਵਿੱਚ ਭੂਮਿਕਾ ਨਿਭਾਈ ਹੈ। ਨਵਾਜ਼ੂਦੀਨ ਸਿੱਦੀਕੀ ਨੇ ਸ਼ਿਵ ਸੈਨਾ ਦੇ ਸੰਸਥਾਪਕ ਅਤੇ ਰਾਜਨੇਤਾ ਬਾਲਾਸਾਹਿਬ ਠਾਕਰੇ ਦੀ ਬਾਇਓਪਿਕ ਵਿੱਚ ਆਪਣੀ ਭੂਮਿਕਾ ਨਿਭਾਈ ਹੈ।

# ਹਾਸੇ ਵੰਡਣ ਵਾਲਾ ਡਾ. ਸੁਰਿੰਦਰ ਸ਼ਰਮਾ

ਮਨਦੀਪ ਸਿੰਘ ਸਿੱਧੂ



ਡਾ. ਸੁਰਿੰਦਰ ਸ਼ਰਮਾ ਉਰਫ਼ ਡਾ. ਸੁਰਿੰਦਰ ਕੁਮਾਰ ਸ਼ਰਮਾ ਦੀ ਪੈਦਾਇਸ਼ 2 ਜਨਵਰੀ 1945 ਨੂੰ ਨਾਨਕੇ ਪਿੰਡ ਮਹਿਤਾ, ਜ਼ਿਲ੍ਹਾ ਅੰਮ੍ਰਿਤਸਰ ਦੇ ਪੰਜਾਬੀ ਪੰਡਤ ਪਰਿਵਾਰ ਵਿੱਚ ਹੋਈ। ਵੈਸੇ ਇਨ੍ਹਾਂ ਦਾ ਆਬਾਈ ਤਾਲੁਕ ਪਿੰਡ ਗੋਰੇ ਨੰਗਲ, ਤਹਿਸੀਲ ਅਜਨਾਲਾ (ਅੰਮ੍ਰਿਤਸਰ) ਨਾਲ ਸੀ ਤੇ ਬਚਪਨ ਅੰਮ੍ਰਿਤਸਰ ਸ਼ਹਿਰ ਵਿੱਚ ਬੀਤਿਆ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕੈਮਿਸਟਰੀ ਵਿਭਾਗ ਵਿੱਚੋਂ ਸੇਵਾ ਮੁਕਤ ਡਾ. ਸ਼ਰਮਾ ਨੇ ਪੰਜਾਬੀ ਫਿਲਮਾਂ ਵਿੱਚ ਮਜ਼ਾਹੀਆ ਅਦਾਕਾਰ, ਚਰਿੱਤਰ ਅਦਾਕਾਰ, ਮੁਕਾਲਮਾਨਿਗ਼ਾਰ ਤੋਂ ਇਲਾਵਾ ਡਰਾਮਾ ਹਿਦਾਇਤਕਾਰ, ਟੈਲੀਵਿਜ਼ਨ ਅਦਾਕਾਰ ਤੇ ਸਟੇਜ ਸੰਚਾਲਕ ਦੇ ਫਰਜ਼ ਨਿਭਾਏ।

ਡਾ. ਸੁਰਿੰਦਰ ਸ਼ਰਮਾ ਨੇ ਆਪਣੇ ਫ਼ਨੀ ਸਫ਼ਰ ਦੀ ਇਬਤਿਦਾ ਰੰਗਮੰਚ ਤੋਂ ਕੀਤੀ ਤੇ ਫਿਰ ਫਿਲਮਾਂ ਨੂੰ ਸਮਰਪਿਤ ਹੋ ਗਏ। ਇਨ੍ਹਾਂ ਨੂੰ ਪੰਜਾਬੀ ਫਿਲਮਾਂ ਵਿੱਚ ਲਿਆਉਣ ਦਾ ਸਿਹਰਾ ਅਦਾਕਾਰ ਪ੍ਰੇਮ ਨਾਥ ਨੂੰ ਹਾਸਿਲ ਹੈ। ਜਦੋਂ ਪ੍ਰੇਮ ਨਾਥ ਨੇ ਆਪਣੇ ਫਿਲਮਸਾਜ਼ ਅਦਾਰੇ ਪੀ. ਐੱਨ. ਫਿਲਮਜ਼, ਬੰਬੇ ਦੇ ਬੈਨਰ ਹੇਠ ਚਮਨ ਨੀਲੇ ਦੀ ਹਿਦਾਇਤਕਾਰੀ ਵਿੱਚ ਧਾਰਮਿਕ ਪੰਜਾਬੀ ਫਿਲਮ 'ਸਤਿ ਸ੍ਰੀ ਅਕਾਲ' (1977) ਬਣਾਈ ਤਾਂ ਡਾ. ਸੁਰਿੰਦਰ ਸ਼ਰਮਾ ਨੂੰ ਨਵੇਂ ਚਿਹਰੇ ਵਜੋਂ ਮੁਤਆਰਿਫ਼ ਕਰਵਾਇਆ। ਉਨ੍ਹਾਂ ਨੇ ਇਸ ਫਿਲਮ ਵਿੱਚ ਚਰਿੱਤਰ ਅਦਾਕਾਰ ਦਾ ਰੋਲ ਨਿਭਾਇਆ। ਫਿਲਮ ਦੇ ਮਰਕਜ਼ੀ ਕਿਰਦਾਰ ਵਿੱਚ ਪ੍ਰੇਮ ਨਾਥ (ਗਿਆਨੀ ਜੀ), ਕਾਮਿਨੀ ਕੌਸ਼ਲ (ਮਾਂ) ਤੇ ਦੀਗ਼ਰ ਫ਼ਨਕਾਰਾਂ ਵਿੱਚ ਸੁਨੀਲ ਦੱਤ, ਰੀਨੇ ਰਾਏ, ਪ੍ਰੀਕਸ਼ਤ ਸਾਹਨੀ, ਜ਼ਾਹਿਰਾ, ਸ਼ਤਰੂਘਣ ਸਿਨਹਾ, ਰਾਜਿੰਦਰ ਨਾਥ, ਨਾਜ਼, ਅਮਰੀਸ਼ ਪੁਰੀ, ਗੌਤਮ ਸਰੀਨ ਵਗੈਰਾ ਨੁਮਾਇਆ ਸਨ। 8 ਦਸੰਬਰ 1978 ਨੂੰ ਸੰਗਮ ਸਿਨਮਾ, ਅੰਮ੍ਰਿਤਸਰ 'ਚ ਨੁਮਾਇਸ਼ ਹੋਈ ਇਹ ਫਿਲਮ ਹਿੰਦੀ ਵਿੱਚ 'ਗਿਆਨੀ ਜੀ' (8 ਦਸੰਬਰ 1978 ਸੈਂਸਰ) ਦੇ ਨਾਮ ਨਾਲ ਸੈਂਸਰ ਹੋਈ।

ਜਦੋਂ ਦਾਰਾ ਸਿੰਘ ਨੇ ਆਪਣੇ ਫਿਲਮਸਾਜ਼ ਅਦਾਰੇ ਦਾਰਾ ਪ੍ਰੋਡਕਸ਼ਨਜ਼, ਬੰਬੇ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ ਵਿੱਚ ਭਗਤੀ ਪ੍ਰਧਾਨ ਪੰਜਾਬੀ ਫਿਲਮ 'ਧਿਆਨੂੰ ਭਗਤ' (1978) ਬਣਾਈ ਤਾਂ ਡਾ. ਸੁਰਿੰਦਰ ਸ਼ਰਮਾ ਨੂੰ ਛੋਟਾ ਜਿਹਾ ਕਿਰਦਾਰ ਨਿਭਾਉਣ ਦਾ ਮੌਕਾ ਦਿੱਤਾ ਜਦੋਂਕਿ 'ਧਿਆਨੂੰ ਭਗਤ' ਦਾ ਮਰਕਜ਼ੀ ਕਿਰਦਾਰ ਦਾਰਾ ਸਿੰਘ ਨਿਭਾ ਰਿਹਾ ਸੀ। 16 ਜੂਨ 1978 ਨੂੰ ਇੰਦਰ ਪੈਲੇਸ, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ ਇਹ ਫਿਲਮ ਹਿੰਦੀ ਵਿੱਚ 'ਭਗਤੀ ਮੇਂ ਸ਼ਕਤੀ' (1978) ਸਿਰਲੇਖ ਹੇਠ ਡੱਬ ਹੋਈ। ਜਦੋਂ ਸਤਿੰਦਰਜੀਤ ਸਰਕਾਰੀਆ ਤੇ ਅਮਰਜੀਤ ਸਰਕਾਰੀਆ ਨੇ ਆਪਣੇ ਫਿਲਮਸਾਜ਼ ਅਦਾਰੇ ਪਰਨੀਤ ਇੰਟਰਨੈਸ਼ਨਲ, ਬੰਬੇ ਦੇ ਬੈਨਰ ਹੇਠ ਸਤੀਸ਼ ਭਾਖੜੀ ਦੀ ਹਿਦਾਇਤਕਾਰੀ ਵਿੱਚ ਦੇਸ਼ ਭਗਤੀ ਦੀ ਪੰਜਾਬੀ ਫਿਲਮ 'ਸਰਦਾਰ-ਏ-ਆਜ਼ਮ' (1979) ਸ਼ੁਰੂ ਕੀਤੀ ਤਾਂ ਡਾ. ਸੁਰਿੰਦਰ ਸ਼ਰਮਾ ਨੂੰ 'ਸੋਹਨ ਲਾਲ' ਦਾ ਛੋਟਾ ਜਿਹਾ ਕਿਰਦਾਰ ਨਿਭਾਉਣ ਦਾ ਮੌਕਾ ਦਿੱਤਾ, ਪਰ ਇਨ੍ਹਾਂ ਪੰਜਾਬੀ ਫਿਲਮਾਂ ਵਿੱਚ ਨਿਭਾਏ ਛੋਟੇ-ਛੋਟੇ ਕਿਰਦਾਰਾਂ ਨਾਲ ਉਸ ਨੂੰ ਪੁਖਤਾ ਪਛਾਣ ਨਹੀਂ ਮਿਲੀ। ਜਦੋਂ ਸ਼ਿਆਮ ਲਾਲ ਬੰਸੀਵਾਲ ਤੇ ਵਰਿੰਦਰ ਨੇ ਫਿਲਮਸਾਜ਼ ਅਦਾਰੇ ਜਿਓਤੀ ਫਿਲਮਜ਼, ਇੰਟਰਨੈਸ਼ਨਲ, ਬੰਬੇ ਦੇ ਬੈਨਰ ਹੇਠ ਵਰਿੰਦਰ (ਸਹਾਇਕ ਬਲਬੀਰ ਬੇਗਮਪੁਰੀ) ਦੀ ਹਿਦਾਇਤਕਾਰੀ ਵਿੱਚ ਪੰਜਾਬੀ ਫਿਲਮ 'ਲੰਬੜਦਾਰਨੀ' (1980) ਸ਼ੁਰੂ ਕੀਤੀ ਤਾਂ ਸੁਰਿੰਦਰ ਸ਼ਰਮਾ ਨੂੰ 'ਖੋਤਾ ਰਾਮ' ਦਾ ਮਜ਼ਾਹੀਆ ਪਾਰਟ ਦਿੱਤਾ। ਮਸ਼ਹੂਰ ਮਜ਼ਾਹੀਆ ਅਦਾਕਾਰ ਮਿਹਰ ਮਿੱਤਲ ਨਾਲ ਉਸ ਦੀ ਜੋੜੀ ਨੂੰ ਦਰਸ਼ਕਾਂ ਨੇ ਖ਼ੂਬ ਪਸੰਦ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। 12 ਦਸੰਬਰ 1980 ਨੂੰ ਮਾਲਵਾ ਸਿਨਮਾ, ਪਟਿਆਲਾ 'ਚ ਨੁਮਾਇਸ਼ ਹੋਣ ਵਾਲੀ ਇਹ ਕਾਮਯਾਬ ਫਿਲਮ ਹਿੰਦੀ ਵਿੱਚ 'ਖੇਲ ਮੁਕੱਦਰ ਕਾ' (1981) ਦੇ ਸਿਰਲੇਖ ਹੇਠ ਡੱਬ ਹੋਈ। ਬੀ. ਐੱਚ. ਕੇ. ਜੀ ਪ੍ਰੋਡਕਸ਼ਨਜ਼, ਬੰਬੇ ਦੀ ਵਰਿੰਦਰ ਨਿਰਦੇਸ਼ਿਤ ਪੰਜਾਬੀ ਫਿਲਮ 'ਬਲਬੀਰੋ ਭਾਬੀ' (1981) 'ਚ ਅਦਾਕਾਰ ਵਰਿੰਦਰ ਨੇ ਮਿਹਰ ਮਿੱਤਲ (ਰੁਲਦੂ ਰਾਮ) ਨਾਲ ਡਾ. ਸੁਰਿੰਦਰ ਸ਼ਰਮਾ (ਮਾਮਾ) ਨੂੰ ਜੋੜੀਦਾਰ ਵਜੋਂ ਪੇਸ਼ ਕੀਤਾ। ਦੋਵਾਂ ਦੀ ਮਜ਼ਾਹੀਆ ਅਦਾਕਾਰੀ ਨੇ ਖ਼ੂਬ ਰੰਗ ਬੰਨ੍ਹੇ। ਫਿਲਮ 'ਚ 'ਬਲਬੀਰੋ ਭਾਬੀ' ਦਾ ਟਾਈਟਲ ਰੋਲ ਬੰਬੇ ਦੀ ਮੁਟਿਆਰ ਸ਼ੋਮਾ ਆਨੰਦ ਨੇ ਅਦਾ ਕੀਤਾ। ਇਹ ਸੁਪਰਹਿੱਟ ਫਿਲਮ 18 ਜੂਨ 1982 'ਚ ਮਾਲਵਾ ਸਿਨਮਾ, ਪਟਿਆਲਾ ਵਿਖੇ ਰਿਲੀਜ਼ ਹੋਈ। ਬਲਬੀਰ ਸਿੰਘ ਦੇ ਫਿਲਮਸਾਜ਼ ਅਦਾਰੇ ਜਗਦੇਵਾ ਫਿਲਮਜ਼, ਬੰਬੇ ਦੀ ਭਗਤੀ ਪ੍ਰਧਾਨ ਪੰਜਾਬੀ ਫਿਲਮ 'ਜੈ ਬਾਬਾ ਬਾਲਕ ਨਾਥ' (1981) 'ਚ ਸੁਰਿੰਦਰ ਸ਼ਰਮਾ ਨੇ 'ਚੀਕੂ ਰਾਮ' ਦਾ ਪਾਰਟ ਨਿਭਾਇਆ ਜਦੋਂਕਿ ਆਸ਼ੂ ਭਾਰਤੀ 'ਬਾਬਾ ਬਾਲਕ ਨਾਥ' ਦਾ ਕਿਰਦਾਰ ਅਦਾ ਕਰ ਰਿਹਾ ਸੀ। ਜਿਓਤੀ ਫਿਲਮਜ਼ ਇੰਟਰਨੈਸ਼ਨਲ, ਬੰਬੇ ਦੀ ਹੀ ਵਰਿੰਦਰ ਨਿਰਦੇਸ਼ਿਤ ਪੰਜਾਬੀ ਫਿਲਮ 'ਸਰਪੰਚ' (1981) ਵਿੱਚ ਅਦਾਕਾਰੀ ਕੀਤੀ। ਇਸ ਫਿਲਮ 'ਚ ਵਰਿੰਦਰ ਨੇ ਆਪਣੇ ਕਰੀਬੀ ਮਿੱਤਰ ਡਾ. ਸੁਰਿੰਦਰ ਸ਼ਰਮਾ ਨੂੰ 'ਭੋਲਾ ਰਾਮ' ਦਾ ਮਜ਼ਾਹੀਆ ਪਾਰਟ ਦਿੱਤਾ ਜਦੋਂ ਕਿ ਸਰਪੰਚ ਦਾ ਟਾਈਟਲ ਕਿਰਦਾਰ ਯਸ਼ ਸ਼ਰਮਾ ਅਦਾ ਕਰ ਰਿਹਾ ਸੀ। ਇਹ ਕਾਮਯਾਬ ਫਿਲਮ 5 ਮਾਰਚ 1982 ਨੂੰ ਮਾਲਵਾ ਸਿਨਮਾ, ਪਟਿਆਲਾ ਵਿਖੇ ਨੁਮਾਇਸ਼ ਹੋਈ। ਆਰ. ਐੱਲ. ਸ਼ਰਮਾ ਦੇ ਫਿਲਮਸਾਜ਼ ਅਦਾਰੇ ਚੇਤਨ ਫਿਲਮਜ਼, ਬੰਬੇ ਦੀ ਸੁਭਾਸ਼ ਸੀ. ਭਾਖੜੀ (ਸਹਾਇਕ ਰਵੀ ਭਾਖੜੀ, ਗ਼ਰੀਬ ਦਾਸ) ਨਿਰਦੇਸ਼ਿਤ ਪੰਜਾਬੀ ਫਿਲਮ 'ਛਮਕ ਛੱਲੋ' (1982) 'ਚ ਡਾ. ਸੁਰਿੰਦਰ ਨੇ ਮਿਹਰ ਮਿੱਤਲ (ਹੁਸ਼ਿਆਰੀ ਲਾਲ) ਦੇ ਪਿਓ 'ਸ਼ਾਹ ਜੀ' ਦਾ ਕਿਰਦਾਰ ਅਦਾ ਕੀਤਾ। ਇਹ ਫਿਲਮ 31 ਦਸੰਬਰ 1982 ਨੂੰ ਨੀਲਮ ਥੀਏਟਰ, ਚੰਡੀਗੜ੍ਹ ਵਿਖੇ ਰਿਲੀਜ਼ ਹੋਈ। ਜਦੋਂ ਵਰਿੰਦਰ ਨੇ ਆਪਣੀ ਪਤਨੀ ਦੇ ਨਾਮ 'ਤੇ ਬਣਾਏ ਆਪਣੇ ਫਿਲਮਸਾਜ਼ ਅਦਾਰੇ ਪੰਮੀ ਪਿਕਚਰਜ਼, ਬੰਬੇ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ ਵਿੱਚ ਪੰਜਾਬੀ ਫਿਲਮ 'ਬਟਵਾਰਾ' (1983) ਬਣਾਈ ਤਾਂ ਡਾ. ਸੁਰਿੰਦਰ ਸ਼ਰਮਾ ਨੂੰ ਹਰਿਆਣਵੀ ਕਿਰਦਾਰ 'ਚ ਇੱਕ ਵਾਰ ਫਿਰ ਮਿਹਰ ਮਿੱਤਲ ਨਾਲ ਪੇਸ਼ ਕੀਤਾ। ਦੋਵਾਂ ਦੀ ਮਜ਼ਾਹੀਆ ਅਦਾਕਾਰੀ ਨੇ ਖ਼ੂਬ ਰੰਗ ਬੰਨ੍ਹੇ। ਪੂਜਾ ਫਿਲਮਜ਼ ਇੰਟਰਨੈਸ਼ਨਲ, ਬੰਬੇ ਦੀ ਵਰਿੰਦਰ ਨਿਰਦੇਸ਼ਿਤ ਪੰਜਾਬੀ ਫਿਲਮ 'ਲਾਜੋ' (1983) 'ਚ ਡਾ. ਸੁਰਿੰਦਰ ਨੇ 'ਮੁਨੀਮ' ਦਾ ਰੋਲ ਕੀਤਾ। ਦਾਰਾ ਸਿੰਘ ਦੇ ਫਿਲਮਸਾਜ਼ ਅਦਾਰੇ ਦਾਰਾ ਪਿਕਚਰਜ਼, ਬੰਬੇ ਦੀ ਦਾਰਾ ਸਿੰਘ ਨਿਰਦੇਸ਼ਿਤ ਪੰਜਾਬੀ ਫਿਲਮ 'ਅਣਖੀਲੀ ਮੁਟਿਆਰ' (1983) 'ਚ ਡਾ. ਸ਼ਰਮਾ ਨੇ ਰਤਨ ਔਲਖ (ਚੌਧਰੀ ਬੱਗੜ) ਦੇ ਸਾਥੀ ਦਾ ਨਕਾਰਾਤਮਕ ਰੋਲ ਨਿਭਾਇਆ। ਇਹ ਫਿਲਮ 18 ਮਈ 1987 ਨੂੰ ਪ੍ਰਕਾਸ਼ ਸਿਨਮਾ, ਅੰਮ੍ਰਿਤਸਰ ਵਿਖੇ ਰਿਲੀਜ਼ ਹੋਈ। ਪ੍ਰੇਮ ਦਿਓਲ ਦੇ ਫਿਲਮਸਾਜ਼ ਅਦਾਰੇ ਪ੍ਰੇਮ ਫਿਲਮਜ਼, ਬੰਬੇ ਦੀ ਕੇ. ਪੱਪੂ ਨਿਰਦੇਸ਼ਿਤ ਫਿਲਮ 'ਜਿਗਰੀ ਯਾਰ' (1984) 'ਚ ਡਾ. ਸੁਰਿੰਦਰ ਸ਼ਰਮਾ ਨੇ ਖ਼ਲਨਾਇਕ ਯਸ਼ ਸ਼ਰਮਾ (ਚੌਧਰੀ ਹਰਨਾਮ/ਸ਼ਾਹ ਜੀ) ਦੇ ਸਾਥੀ 'ਜੋਗਿੰਦਰ' ਦਾ ਨਕਾਰਾਤਮਕ ਪਾਰਟ ਅਦਾ ਕੀਤਾ। ਡੈਡੀ ਸਿਆਲ (ਨਰਿੰਦਰਪਾਲ ਸਿਆਲ) ਦੇ ਫਿਲਮਸਾਜ਼ ਅਦਾਰੇ ਅਰਾਧਨਾ ਪ੍ਰੋਡਕਸ਼ਨਜ਼, ਬੰਬੇ ਦੀ ਵਰਿੰਦਰ ਨਿਰਦੇਸ਼ਿਤ ਫਿਲਮ 'ਨਿੰਮੋ' (1984) ਜਿਸ ਦਾ ਟਾਈਟਲ ਰੋਲ ਕਸ਼ਮੀਰੀ ਪੰਜਾਬਣ ਪ੍ਰੀਤੀ ਸਪਰੂ ਨੇ ਕੀਤਾ, ਇਸ ਫਿਲਮ 'ਚ ਡਾ. ਸ਼ਰਮਾ ਨੇ ਨਿੰਮੋ ਦੇ ਸਾਥੀ ਸਟੇਜ ਸੰਚਾਲਕ ਦਾ ਪਾਰਟ ਬਾਖ਼ੂਬੀ ਨਿਭਾਇਆ। ਕਮਲ ਕਾਂਤ ਦੇ ਸੰਗੀਤ 'ਚ ਇੱਕ ਅਖਾੜਾ ਗੀਤ 'ਓ ਬੱਲੇ-ਬੱਲੇ ਕੋਠੇ 'ਤੇ ਲਵਾ ਦੇ ਛੱਤਰੀ' (ਅਨੁਰਾਧਾ ਪੌਡਵਾਲ, ਮਹਿੰਦਰ ਕਪੂਰ) ਪ੍ਰੀਤੀ ਸਪਰੂ, ਸੁਰਿੰਦਰ ਸ਼ਰਮਾ ਤੇ ਵਰਿੰਦਰ 'ਤੇ ਫਿਲਮਾਇਆ ਗਿਆ ਸੀ। ਅਦਾਕਾਰੀ ਕਰਨ ਦੇ ਨਾਲ-ਨਾਲ ਉਨ੍ਹਾਂ ਫਿਲਮ ਦੇ ਮੁਕਾਲਮੇ ਵੀ ਤਹਿਰੀਰ ਕੀਤੇ। ਇਹ ਫਿਲਮ 7 ਫਰਵਰੀ 1986 ਨੂੰ ਚੰਦਾ ਸਿਨਮਾ, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ। ਡੀ. ਆਈ. ਆਰਟਸ, ਬੰਬੇ ਦੀ ਇਕਬਾਲ ਢਿੱਲੋਂ ਨਿਰਦੇਸ਼ਿਤ ਫਿਲਮ 'ਗੱਭਰੂ ਪੰਜਾਬ ਦਾ' (1986) 'ਚ ਡਾ. ਸੁਰਿੰਦਰ ਨੇ ਗੁੱਗੂ ਗਿੱਲ ਦੇ ਸਾਥੀ 'ਖੜਕੂ' ਦਾ ਨੈਗੇਟਿਵ ਰੋਲ ਕੀਤਾ। ਹਰਿਆਣਵੀ ਭਾਸ਼ਾ ਵਿੱਚ ਇਹ ਫਿਲਮ 'ਛੋਰਾ ਹਰਿਆਣੇ ਕਾ' (20 ਅਪਰੈਲ 1987 ਸੈਂਸਰ) ਦੇ ਸਿਰਲੇਖ ਹੇਠ ਡੱਬ ਹੋਈ। ਪੁਖਰਾਜ ਪ੍ਰੋਡਕਸ਼ਨਜ਼, ਬੰਬੇ ਦੀ ਜਗਜੀਤ ਨਿਰਦੇਸ਼ਿਤ ਫਿਲਮ 'ਕੀ ਬਣੂੰ ਦੁਨੀਆ ਦਾ' (1987) 'ਚ ਡਾ. ਸੁਰਿੰਦਰ ਨੇ 'ਨਾਈ' ਦਾ ਰੋਲ ਕੀਤਾ। ਐੱਸ. ਐੱਚ. ਓ. ਆਰ. ਫ਼ਿਲਮਜ਼, ਬੰਬੇ ਦੀ ਵਰਿੰਦਰ ਨਿਰਦੇਸ਼ਿਤ ਫਿਲਮ 'ਯਾਰੀ ਜੱਟ ਦੀ' (1987) 'ਚ ਪ੍ਰੀਤੀ ਸਪਰੂ ਦੀ ਮਤਰੇਈ ਮਾਂ ਪੰਮੀ ਸੰਧੂ ਦੇ ਭਰਾ ਮਾਮੇ 'ਲੱਲੂ ਰਾਮ' ਦਾ ਪਾਰਟ ਅਦਾ ਕੀਤਾ।

# ਬੜੂ ਸਾਹਿਬ ਵਿਖੇ ਅਕਾਲ ਗੁਰਮਤਿ ਇੰਟਰਨੈਸ਼ਨਲ ਕੈਂਪ ਸ਼ੁਰੂ

## ਭਾਰਤ ਦੇਸ਼ ਤੋਂ ਇਲਾਵਾ ਅਮਰੀਕਾ, ਕੈਨੇਡਾ, ਇੰਗਲੈਂਡ ਤੋਂ ਭਾਗ ਲੈਣ ਲਈ ਪਹੁੰਚੇ ਬੱਚੇ



ਸੰਗਰੂਰ,
-ਰੋਜ਼ਾਨਾ ਸਵੇਰਾ-

ਕਲਗੀਧਰ ਟ੍ਰੱਸਟ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਉੱਤਰੀ ਭਾਰਤ @ਚ 129 ਅਕੈਡਮੀਆਂ, 2 ਯੂਨੀਵਰਸਿਟੀਆਂ ਅਤੇ ਕਈ ਹੋਰ ਪ੍ਰੋਜੈਕਟ ਚਲਾਏ ਜਾ ਰਹੇ ਹਨ ਜਿਨ੍ਹਾਂ ਰਾਹੀਂ ਪੇਂਡੂ ਖੇਤਰਾਂ ਦੇ ਬਹੁਤ ਸਾਰੇ ਲੋੜਵੰਦ ਲਾਭ ਲੈ ਰਹੇ ਹਨ ।ਕੁਦਰਤ ਦੀ ਗੋਦ ਵਿਚ ਵਸੇ ਨਸ਼ਾ ਮੁਕਤ ਅਤੇ ਪ੍ਰਦੂਸ਼ਣ ਰਹਿਤ ਬੜੂ ਸਾਹਿਬ ਨੂੰ ਸ਼ਾਂਤੀ ਦੀ ਘਾਟੀ ਵਜੋਂ ਵੀ ਜਾਣਿਆ ਜਾਂਦਾ ਹੈ । ਦੇਸ਼-ਵਿਦੇਸ਼ @ਚ ਵਸੇ ਪੰਜਾਬੀਆਂ ਨੂੰ ਆਪਣੇ ਅਮੀਰ ਵਿਰਸੇ ਅਤੇ ਗੁਰਬਾਣੀ ਨਾਲ ਜੋੜ ਕੇ ਬਾਣੀ ਤੇ ਬਾਣੇ ਦੀ ਮਹੱਤਤਾ ਨੂੰ ਦਰਸਾਉਣ ਲਈ ਅਕਾਲ ਗੁਰਮਤਿ ਇੰਟਰਨੈਸ਼ਨਲ ਕੈਂਪ 7 ਜੁਲਾਈ ਤੋਂ 14 ਅਗਸਤ ਤਕ ਆਯੋਜਿਤ ਕੀਤਾ ਗਿਆ ਹੈ । ਜਿਸ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ, ਤੇ ਭਾਰਤ ਤੋਂ ਬਹੁਤ ਸਾਰੇ ਬੱਚੇ ਭਾਗ ਲੈਣ ਲਈ ਪਹੁੰਚੇ ਹਨ ।

ਗੁਰਮਤਿ ਕੈਂਪ ਦੀ ਆਰੰਭਤਾ ਦੀ ਅਰਦਾਸ 7 ਜੁਲਾਈ ਨੂੰ ਗੁਰੂਦੁਆਰਾ ਬੜੂ ਸਾਹਿਬ ਵਿਖੇ ਕੀਤੀ ਗਈ ।ਬਾਬਾ ਦਵਿੰਦਰ ਸਿੰਘ ਜੀ ਵੱਲੋਂ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਅਰਦਾਸ ਉਪਰੰਤ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਕਰਦਿਆਂ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਸਾਨੂੰ ਗੁਰੂ ਗਰੰਥ ਸਾਹਿਬ ਅਨੁਸਾਰ ਗੁਰਮਤਿ ਰਹਿਣੀ-ਬਹਿਣੀ ਨੂੰ ਅਧਾਰ ਬਣਾ ਕੇ ਆਪਣਾ ਜੀਵਨ ਸੰਵਾਰਨਾ ਚਾਹੀਦਾ ਹੈ ।ਸੰਤ ਬਾਬਾ ਅਤਰ ਸਿੰਘ, ਸੰਤ ਬਾਬਾ ਤੇਜਾ ਸਿੰਘ ਅਤੇ ਸੱਚਖੰਡ ਵਾਸੀ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਦੇ ਨਕਸ਼ੇ-ਕਦਮਾਂ ਤੇ ਚਲਦਿਆਂ ਆਪਣਾ ਜੀਵਨ ਸੰਵਾਰਨਾ ਚਾਹੀਦਾ ਹੈ ।

# ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਪਿੰਡ ਤੋਤਾ ਸਿੰਘ ਵਾਲਾ (ਮੋਗਾ) ਵਿਖੇ 'ਠੰਢੀ ਛਾਂ' ਮੁਹਿੰਮ ਦੀ ਕੀਤੀ ਸ਼ੁਰੂਆਤ

ਮੱਲਾ ਵਾਲਾ ਖਾਸ,
-ਰੋਜ਼ਾਨਾ ਸਵੇਰਾ-

ਅੱਜ ਪਿੰਡ ਤੋਤਾ ਸਿੰਘ ਵਾਲਾ ਮੋਗਾ ਵਿਖੇ ਸੰਤ ਬਲਬੀਰ ਸਿੰਘ ਜੀ ਸੀਚੇਵਾਲ ਵਾਤਾਵਰਨ ਪ੍ਰੇਮੀ,ਪਦਮ ਸ਼੍ਰੀ ਅਤੇ ਮੈਂਬਰ ਰਾਜ ਸਭਾ ਨੇ ÷ਠੰਡੀ ਛਾਂ÷ ਮੁਹਿੰਮ ਦੀ ਕੀਤੀ ਗਈ ਸ਼ੁਰੂਆਤ ਸਮੇਂ ਰੱਖੇ ਗਏ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਵਿੱਚ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ,ਇਸ ਬਾਰੇ ਜਾਣਕਾਰੀ ਦੇਂਦਿਆਂ ਸੁੱਖ ਗਿੱਲ ਤੋਤਾ ਸਿੰਘ ਵਾਲਾ ਜਿਲ੍ਹਾ ਪ੍ਰਧਾਨ ਯੂਥ ਵਿੰਗ ਅਤੇ ਕੌਮੀ ਜਨਰਲ ਸਕੱਤਰ ਪੰਜਾਬ ਨੇ ਕਿਹਾ ਕੇ ÷ਠੰਡੀ ਛਾਂ÷ ਮੁਹਿੰਮ ਦੀ ਸ਼ੁਰੂਆਤ ਕਰਨ ਲਈ ਰੱਖੇ ਗਏ ਪ੍ਰੋਗਰਾਮ ਵਿੱਚ ਸੰਤ ਬਲਬੀਰ ਸਿੰਘ ਜੀ ਸੀਚੇਵਾਲ,ਫ਼ਰਮਾਨ ਸਿੰਘ ਸੰਧੂ ਸੂਬਾ ਪ੍ਰਧਾਨ ਬੀ ਕੇ ਯੂ ਪੰਜਾਬ,ਬਾਬਾ ਅਮਰਜੀਤ ਸਿੰਘ ਜੀ ਮਟਵਾਣੀ, ਗੁਰਦੇਵ ਸਿੰਘ ਵਾਰਿਸ ਵਾਲਾ ਸੂਬਾ ਸੀ.ਮੀ. ਪ੍ਰਧਾਨ , ਤੋਤਾ ਸਿੰਘ ਬਹਿਰਾਮਕੇ, ਸੁੱਖਾ ਸਿੰਘ ਵਿਰਕ ਨੇ ਵਿਸ਼ੇਸ਼ ਤੌਰ ਤੇ ਪਹੁੰਚੇ,ਇਸ ਮੌਕੇ ਬੋਲਦਿਆਂ ਫਰਮਾਨ ਸਿੰਘ ਸੰਧੂ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਨੂੰ ਏਥੇ ਆਉਣ ਤੇ ਜੀ ਆਇਆਂ ਆਖਿਆ,ਸੰਤ ਸੀਚੇਵਾਲ ਨੇ ਬੋਲਦਿਆਂ ਕਿਹਾ ਕੇ ਬੀ.ਕੇ.ਯੂ ਪੰਜਾਬ ਦੇ ਨੌਜਵਾਨ ਤੇ ਨਧੱੜਕ ਆਗੂ ਸੁੱਖ ਗਿੱਲ ਤੋਤਾ ਸਿੰਘ ਵਾਲਾ ਨੇ 'ਠੰਡੀ ਛਾਂ' ਮੁਹਿੰਮ ਇੱਕ ਲੱਖ ਪੌਦਾ ਲਾਉਣ ਦੀ ਸ਼ੁਰੂਆਤ ਕਰਕੇ ਵਿਲੱਖਣ ਕੰਮ ਕੀਤਾ ਹੈ,ਸੰਤ ਸੀਚੇਵਾਲ ਨੇ ਅੱਗੇ ਕਿਹਾ ਕੇ ਜਿਵੇਂ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂਆਂ ਵੱਲੋਂ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ ਏਸੇ ਤਰਾਂ ਹੀ ਪੰਜਾਬ ਦੀਆਂ ਹੋਰ ਵੀ ਜਥੇਬੰਦੀਆਂ ਨੂੰ ਵਾਤਾਵਰਨ ਅਤੇ ਪ੍ਰਾਣੀ ਦੀ ਸੰਭਾਲ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ,ਇਸ ਮੌਕੇ ਸੰਤ ਸੀਚੇਵਾਲ ਨੇ ਕਿਹਾ ਕੇ ਅੱਜ ਬੀ ਕੇ ਯੂ ਪੰਜਾਬ ਵੱਲੋਂ 2000/ ਪੌਦਾ ਵੰਡਿਆ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇੱਕ ਲੱਖ ਪੌਦਾ ਇਸ ਜਥੇਬੰਦੀ ਦੇ ਆਗੂ ਸੁੱਖ ਗਿੱਲ ਤੋਤਾ ਸਿੰਘ ਵਾਲਾ ਵੱਲੋਂ ਮੋਗਾ ਜਿਲ੍ਹੇ ਵਿੱਚ ਲਵਾਇਆ ਜਾ ਰਿਹਾ ਹੈ ਅਤੇ ਫਿਰ ਪੂਰੇ ਪੰਜਾਬ ਵਿੱਚ ਇਹ ਮੁਹਿੰਮ ਤਹਿਤ ਪੌਦੇ ਲਗਾਏ ਜਾਣਗੇ,ਸੰਤ ਸੀਚੇਵਾਲ ਨੇ ਕਿਹਾ ਕੇ ਨੌਜਵਾਨ ਪੀਹੜੀ ਨੂੰ ਨਸ਼ੇ ਤਿਆਗ ਕੇ ਲੋਕ ਭਲਾਈ ਤੇ ਵਾਤਾਵਰਨ ਅਤੇ ਪੌਣ ਪਾਣੀ ਦੀ ਸਾਂਭ ਕਰਨ ਲਈ ਉਪਰਾਲੇ ਕਰਨ ਦੀ ਲੋੜ ਹੈ,ਇਸ ਮੌਕੇ ਸੁੱਖ ਗਿੱਲ,ਫਰਮਾਨ ਸੰਧੂ, ਗੁਰਚਰਨ ਨੰਬਰਦਾਰ, ਸਤਨਾਮ ਲੋਹਗੜ੍ਹ ਅਤੇ ਸਾਰੀ ਸੰਗਤ ਵੱਲੋਂ ਸੰਤ ਸੀਚੇਵਾਲ ਜੀ ਦਾ ਲੋਈ ਅਤੇ ਸ਼੍ਰੀ ਹਰਮੰਦਰ ਸਾਹਿਬ ਜੀ ਦਾ ਸਰੂਪ ਦੇ ਕੇ ਸਨਮਾਨ ਕੀਤਾ ਗਿਆ,ਅਤੇ ਸੰਤ ਸੀਚੇਵਾਲ ਵੱਲੋਂ ਪ੍ਰਸ਼ਾਦਿ ਦੇ ਰੂਪ ਵਿੱਚ ਪੌਦੇ ਵੰਡਣ ਦੀ ਸ਼ੁਰੂਆਤ ਕਰਕੇ ਸਰਕਾਰੀ ਪ੍ਰਾਇਮਰੀ ਸਕੂਲ ਤੋਤਾ ਸਿੰਘ ਵਾਲਾ ਮੋਗਾ ਵਿਖੇ ÷ਠੰਡੀ ਛਾਂ÷ਮੁਹਿੰਮ ਦੀ ਸ਼ੁਰੂਆਤ ਕਰਨ ਲਈ ਪੌਦੇ ਵੀ ਲਾਈ ਗਏ। ਇਸ ਮੌਕੇ ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ,ਇਸ ਮੌਕੇ ਸ਼ਹੀਦ ਭਗਤ ਸਿੰਘ ਕਲਾ ਮੰਚ (ਚੜਿੱਕ) ਵੱਲੋਂ ਨਸ਼ਿਆਂ ਖਿਲਾਫ ਨਾਟਕ ਵੀ ਖੇਡਿਆ ਗਿਆ,ਇਸ ਮੌਕੇ ਹਾਜਰ ਸੰਗਤਾਂ ਵਿੱਚ ਤੋਤਾ ਸਿੰਘ ਬਹਿਰਾਮਕੇ,ਸੋਨੂੰ ਨਸੀਰੇ ਵਾਲਾ ,ਬਖਸ਼ੀਸ਼ ਸਿੰਘ ਰਾਮਗੜ੍ਹ, ਮਨਫੂਲ ਸਿੰਘ ਲਾਡੀ ਮਸਤੇਵਾਲਾ,ਅਮਨ ਗਾਬਾ, ਜਰਨੈਲ ਸਿੰਘ ਲੋਹਗੜ੍ਹ, ਵੀਰਪਾਲ ਕੌਰ ਲੋਹਗੜ੍ਹ, ਦਿਲਬਾਗ ਸਿੰਘ ਮੇਲਕ, ਭਾਗ ਸਿੰਘ ਬਹਿਰਾਮਕੇ, ਮਨਦੀਪ ਸਿੰਘ ਬੱਡੂਵਾਲ, ਕੋਮਲਾ ਧਰਮਕੋਟ, ਸੁਖਜਿੰਦਰ ਸਿੰਘ ਭੈਣੀ,ਬਲਦੇਵ ਸਿੰਘ ਭੈਣੀ,ਗੁਰਵਿੰਦਰ ਸਿੰਘ ਮੂਸੇਵਾਲਾ, ਦਰਸ਼ਨ ਸਿੰਘ,ਬਲਵਿੰਦਰ ਸਿੰਘ, ਗੁਰਸਾਹਿਬ ਸਿੰਘ ਢਿੱਲੋਂ,ਸੁਖਪਾਲ ਸਿੰਘ ਨੰਬਰਦਾਰ,ਕੁਲਵੰਤ ਸਿੰਘ ਢਿੱਲੋਂ, ਮਨਜਿੰਦਰ ਸਿੰਘ ਢਿੱਲੋਂ, ਗੁਰਚਰਨ ਸਿੰਘ ਢਿੱਲੋਂ,ਬਲਜੀਤ ਸਿੰਘ ਜੁਲਕਾ,ਰਛਪਾਲ ਸਿੰਘ ਜੁਲਕਾ, ਸੰਦੀਪ ਸਿੰਘ ਪੰਡੋਰੀ, ਸੁਖਚੈਨ ਸਿੰਘ ਪੰਡੋਰੀ, ਸੁਖਦੇਵ ਗਿੱਲ,ਤਲਵਿੰਦਰ ਗਿੱਲ,ਕਿੰਦਾ ਗਿੱਲ,ਲਖਵਿੰਦਰ ਸਿੰਘ ਜੁਲਕਾ, ਅਨੂਪ ਸਿੰਘ ਸਰਪੰਚ, ਕਾਰਜ ਸਿੰਘ ਮਸੀਤਾਂ,ਸੰਤੋਖ ਸਿੰਘ ਚੀਮਾਂ, ਪੂਰਨ ਸਿੰਘ ਗਿੱਲ,ਚੰਨਣ ਸਿੰਘ ਗਿੱਲ ,ਬਾਬਾ ਰਿੰਕਾ,ਬਾਬਾ ਭੁਪਿੰਦਰ ਰਸੂਲਪੁਰ,ਜਰਨੈਲ ਸਿੰਘ ਕੋਟ ਈਸੇ ਖਾਂ,ਵੀਸ਼ੂ ਕੋਟ ਈਸੇ ਖਾਂ, ਬਾਬਾ ਰਾਮ ਸਿੰਘ ਨਸੀਰੇ ਵਾਲਾ ਆਦਿ ਸੰਗਤ ਤੇ ਕਿਸਾਨ ਹਾਜਰ ਸਨ !



# ਲਾਵਾਰਿਸ ਲਾਸ਼ ਦਾ ਕੀਤਾ ਅੰਤਿਮ ਸੰਸਕਾਰ ਰਾਮਾਂ ਮੰਡੀ ਬਲਵੀਰ ਸਿੰਘ ਬਾਘਾ

ਰਾਮਾ ਮੰਡੀ, -ਰੋਜ਼ਾਨਾ ਸਵੇਰਾ-

ਪਿਛਲੇ ਦਿਨੀਂ ਪਿੰਡ ਗੋਲੇਵਾਲਾ ਭਾਖੜਾ ਵਿੱਚੋਂ ਇੱਕ ਔਰਤ ਦੀ ਲਾਸ਼ ਮਿਲੀ ਸੀ ਜਿਸਨੂੰ ਸ਼ਨਾਖਤ ਲਈ ਤਲਵੰਡੀ ਸਾਬੋ ਦੇ ਸਰਕਾਰੀ ਹਸਪਤਾਲ ਵਿਖੇ ਰੱਖਿਆ ਗਿਆ ਸੀ। ਪਰ ਉਸ ਲਾਸ਼ ਦੀ ਕੋਈ ਸ਼ਨਾਖਤ ਨਾ ਹੋ ਸਕੀ ਪੁਲਿਸ ਦੁਆਰਾ ਕਾਰਵਾਈ ਕਰਨ ਤੋਂ ਬਾਅਦ ਲਾਸ਼ ਹੈਲਪਲਾਈਨ ਵੈਲਫੇਅਰ ਸੁਸਾਇਟੀ ਨੂੰ ਸੰਸਕਾਰ ਲਈ ਸੌਂਪੀ ਗਈ। ਉਸ ਲਾਸ਼ ਦਾ ਅੰਤਿਮ ਸੰਸਕਾਰ ਹੈਲਪਲਾਈਨ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬੋਬੀ ਲਹਿਰੀ ਮੈਂਬਰ ਰਿੰਕਾ ਮਿਸਤਰੀ, ਜੋਨੀ ਲਹਿਰੀ, ਕਾਲਾ ਬੰਗੀ, ਲਲਿਤ ਬਖਤੂ, ਵਿੱਕੀ ਕਾਲੜਾ, ਚੂਚੀ ਮਾਹਸ਼ਾ,ਅਸ਼ੋਕ ਜੱਜਲ, ਰਮਨਦੀਪ ਸਿੰਘ,ਵਿਵੇਕ ਬਾਂਸਲ ਅਤੇ ਪਾਇਲਟ ਸ਼ੰਟੀ ਦੁਆਰਾ ਰੀਤੀ ਰਿਵਾਜ਼ਾਂ ਨਾਲ ਰਾਮਾਂ ਮੰਡੀ ਦੇ ਰਾਮਬਾਗ ਵਿਖੇ ਕੀਤਾ ਗਿਆ।

# ਪ੍ਰੇਮ ਜੈਨ, ਸੰਦੀਪ ਜੈਨ ਦੀ ਅਗਵਾਈ ਵਿਚ ਸੁਨਾਮ ਪਹੁੰਚਣ ਕੈਬਨਟ ਮੰਤਰੀ ਅਮਨ ਅਰੋੜਾ ਦਾ ਨਿੱਘਾ ਸੁਆਗਤ ਕੀਤਾ ਗਿਆ

ਸੁਨਾਮ ਊਧਮ ਸਿੰਘ ਵਾਲਾ
-ਰੋਜ਼ਾਨਾ ਸਵੇਰਾ-

ਵਿਧਾਇਕ ਅਮਨ ਅਰੋੜਾ ਦੇ ਕੈਬਨਿਟ ਮੰਤਰੀ ਬਣਨ ਉਪਰੰਤ ਸੁਨਾਮ ਪਹੁੰਚਣ ਤੇ ਪ੍ਰਸ਼ਾਸਨ ਤਰਫੋਂ ਪੀ ਡਬਲਯੂ ਡੀ ਰੈਸਟ ਹਾਊਸ ਵਿੱਚ ਗਾਰਡ ਆਫ ਆਨਰ ਪ੍ਰਸਤੁਤ ਕੀਤਾ ਗਿਆ। ਵਰਧਮਾਨ ਐਸੋਸੀਏਟਸ ਪੁਰਾਣੀ ਦਾਣਾ ਮੰਡੀ ਵਿਖੇ ਪਹੁੰਚਣ ਤੇ ਸ਼੍ਰੀ ਪ੍ਰੇਮ ਜੈਨ ਪਰਧਾਨ ਐਸ.ਐਸ ਜੈਨ ਸਭਾ ਸੁਨਾਮ ਮਹਾਂ ਸਭਾ ਪੰਜਾਬ ਦੇ ਉੱਪ ਪ੍ਰਧਾਨ ਦੀ ਤਰਫੋਂ ਸ਼ਾਲ ਅਤੇ ਫੁਲਮਾਲਾ ਦੇ ਕੇ ਸੁਆਗਤ ਕੀਤਾ ਗਿਆ। ਕੈਬਿਨੇਟ ਮੰਤਰੀ ਅਮਨ ਅਰੋੜਾ ਦੇ ਸੁਨਾਮ ਪਹੁੰਚਣ ਤੇ ਸ਼ਹਿਰ ਵਾਸੀਆਂ ਦੇ ਵਿੱਚ ਅਜਬ ਜੋਸ਼ ਦੇਖਣ ਨੂੰ ਮਿਲਿਆ। ਕਿਉਕਿ ਸੁਨਾਮ ਦੀ ਆਵਾਜ਼ ਉਠਾਉਣ ਵਾਲਾ ਅਤੇ ਸੁਨਾਮ ਦੇ ਪੱਛੜੇਪਨ ਨੂੰ ਦੂਰ ਕਰਨ ਵਾਲਾ ਸੁਨਾਮ ਦਾ ਲਾਡਲਾ ਅਤੇ ਹਰ ਮਸਲੇ ਤੇ ਬੋਲ ਸਕਣ ਵਾਲਾ ਵਿਅਕਤੀ ਪੰਜਾਬ ਸਦਨ ਦੇ ਵਿੱਚ ਅੱਗੇ ਆਇਆ ਹੈ। ਇਸ ਮੌਕੇ ਸ੍ਰੀ ਪ੍ਰੇਮ ਜੈਨ ਪ੍ਰਧਾਨ ਐਸ ਐਸ ਜੈਨ ਸਭਾ ਸੁਨਾਮ, ਸੰਦੀਪ ਜੈਨ, ਸਜਲ ਜੈਨ, ਰਾਜੇਸ਼ ਗਰਗ, ਰਿਸ਼ਭ ਗਰਗ, ਸਤੀਸ਼ ਗਰਗ, ਭਗਵਾਨ ਦਾਸ, ਤਾਰਾ ਚੰਦ ਗੋਇਲ, ਲਵ ਕੁਸ਼, ਟਿੰਕੂ ਗੋਇਲ, ਮਿਤੂ ਠੇਕੇਦਾਰ, ਰਾਜ ਕੁਮਾਰ ਚੌਧਰੀ, ਬਿੱਟੂ ਚੌਧਰੀ ਆਦਿ ਹਾਜਰ ਸੀ।



# ਨੌਜਵਾਨਾਂ ਨੂੰ ਰੋਜ਼ਗਾਰ ਦੇਣ ਲਈ ਇੰਟਰਵਿਊ 11 ਜੁਲਾਈ ਨੂੰ

ਬਠਿੰਡਾ -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਪੰਜਾਬ ਸਰਕਾਰ ਦੇ ਘਰ-ਘਰ ਰੋਜ਼ਗਾਰ ਅਤੇ ਕਾਰੋਬਾਰ ਮਿਸ਼ਨ ਅਧੀਨ ਨੌਜਵਾਨਾਂ ਨੂੰ ਰੋਜਗਾਰ ਦੇਣ ਅਤੇ ਸਵੈ-ਰੋਜ਼ਗਾਰ ਦੇ ਕਾਬਿਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ, ਇਹਨਾਂ ਸ਼ਬਦਾ ਦਾ ਪ੍ਰਗਟਾਵਾ ਕਰਦਿਆਂ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਡੀ.ਬੀ.ਈ.ਈ. ਬਠਿੰਡਾ ਸ਼੍ਰੀ ਸੌਕਤ ਅਹਿਮਦ ਪਰੇ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਠਿੰਡਾ ਵੱਲੋਂ ਬੀ.ਪੀ.ਓ. ਇੰਡਸਟ੍ਰੀਜ਼ ਵਿੱਚ ਕਰੀਅਰ ਬਣਾਉਣ ਦੇ ਚਾਹਵਾਨ ਉਮੀਦਵਾਰਾਂ ਨੂੰ ਇਕ ਸੁਨਹਿਰੀ ਮੌਕਾ ਦਿੱਤਾ ਜਾ ਰਿਹਾ ਹੈ। ਇਸ ਅਧੀਨ ਰੋਜ਼ਗਾਰ ਉਤਪਤੀ ਅਤੇ ਹੁਨਰ ਵਿਕਾਸ, ਵਿਭਾਗ ਪੰਜਾਬ ਵੱਲੋਂ ਲਗਭਗ ਛੇ ਹਜ਼ਾਰ ਅਸਾਮੀਆਂ ਦੀ ਸ਼ਨਾਖਤ ਕੀਤੀ ਗਈ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜਗਾਰ ਅਫ਼ਸਰ, ਮਿਸ ਅੰਕਿਤਾ ਅਗਰਵਾਲ ਨੇ ਦੱਸਿਆ ਕਿ ਬੀ.ਪੀ.ਓ. ਸੈਕਟਰ, ਮੋਹਾਲੀ ਅਤੇ ਚੰਡੀਗੜ੍ਹ ਵਿਖੇ 12ਵੀਂ/ਗਰੈਜੂਏਸ਼ਨ ਅਤੇ ਜਿਨ੍ਹਾਂ ਪ੍ਰਾਰਥੀਆਂ ਦੀ ਅੰਗ੍ਰੇਜ਼ੀ ਵਿੱਚ ਕਮਿਓਨੀਕੇਸ਼ਨ ਸਕਿੱਲ ਵਧੀਆ ਹੋਵੇ, ਦੀ ਬਹੁਤ ਜਿਆਦਾ ਜ਼ਰੂਰਤ ਹੈ। ਬੀ.ਪੀ.ਓ. ਸੈਕਟਰ ਵਿੱਚ ਸਿਲੈਕਟ ਹੋਏ ਪ੍ਰਾਰਥੀਆਂ ਦੀ ਤਨਖਾਹ 10000/- ਰੁਪਏ ਤੋਂ 15000/- ਪ੍ਰਤੀ ਮਹੀਨਾ ਹੋਵੇਗੀ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਸੀ.ਈ.ਓ. ਸ਼੍ਰੀ ਤੀਰਥਪਾਲ ਸਿੰਘ ਨੇ ਦੱਸਿਆ ਕਿ 11 ਜੁਲਾਈ 2022 ਦਿਨ ਸੋਮਵਾਰ ਸਵੇਰੇ 10.00 ਵਜੇ ਪ੍ਰਾਰਥੀਆਂ ਦੀ ਸਕਰੀਨਿੰਗ ਕੀਤੀ ਜਾਵੇਗੀ। ਚਾਹਵਾਨ ਉਮੀਦਵਾਰ ਆਪਣਾ ਬਾਇਓਡਾਟਾ ਅਤੇ ਜ਼ਰੂਰੀ ਦਸਤਾਵੇਜ ਲੈ ਕੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਨਜਦੀਕ ਚਿਲਡਰਨ ਪਾਰਕ, ਸਿਵਲ ਲਾਈਨ, ਬਠਿੰਡਾ ਵਿਖੇ ਪਹੁੰਚ ਸਕਦੇ ਹਨ।

# ਸਗਰੂਰ ਤੋਂ ਚੁਣੇ ਗਏ ਪਾਰਲੀਮੈਂਟ ਮੈਂਬਰ ਸਿਮਰਨਜੀਤ ਸਿੰਘ ਮਾਨ ਦਾ ਮੱਖੂ ਵਿੱਚ ਵਰਕਰਾਂ ਵੱਲੋਂ ਕੀਤਾ ਗਿਆ ਨਿੱਘਾ ਸਵਾਗਤ



ਮੱਲਾਂ ਵਾਲਾ ,
-ਰੋਜ਼ਾਨਾ ਸਵੇਰਾ-

-ਪੰਥਕ ਆਗੂ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸ੍ ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਦਰਸ਼ਨ ਕਰਨ ਲਈ ਸ਼੍ਰੀ ਅਕਾਲ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਨੂੰ ਜਾਣ ਮੌਕੇ ਮੱਖੂ ਪਹੁੰਚਣ ਤੇ ਮੈਂਬਰ ਸ਼੍ਰੋਮਣੀ ਅਕਾਲੀ ਦਲ ਸ਼੍ਰੀ ਅੰਮ੍ਰਿਤਸਰ ਸ ਪਰਗਟ ਸਿੰਘ ਸੀਆਂ ਪਾੜੀ, ਸ੍ ਬਲਬੀਰ ਸਿੰਘ ਲੋਹਗੜ੍ਹ ਤੇ ਸ੍ ਅਨੋਖ ਸਿੰਘ ਫਰੀਦੇ ਵਾਲਾ ਤੇ ਸੰਗਤਾਂ ਵੱਲੋਂ ਪਹੁੰਚ ਭਰਵਾਂ ਸਵਾਗਤ ਕੀਤਾ ਗਿਆ।ਜਿਸ ਵਿੱਚ ਵੱਖ ਵੱਖ ਜਥੇਬੰਦੀ ਆਗੂਆਂ ਵੱਲੋਂ ਸ੍ ਮਾਨ ਨੂੰ ਹਾਰ ਤੇ ਸਰੋਪਾਏ ਪਾਕੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਭਰਵਾਂ ਇਕੱਠ ਵੇਖਦਿਆਂ ਸਰਦਾਰ ਸਿਮਰਨਜੀਤ ਸਿੰਘ ਮਾਨ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ।ਉਹਨਾਂ ਕਿਹਾ ਕਿ ਇਹ ਮੇਰੀ ਜਿੱਤ ਨਹੀਂ ਖਾਲਸੇ ਦੀ ਜਿੱਤ ਹੈ ।

ਉਹਨਾਂ ਕਿਹਾ ਕਿ ਪੰਜਾਬ ਅੰਦਰ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਉਹਨਾਂ ਵੱਲੋ ਡੋਲਿਆਂ ਤੇ ਹੱਥ ਲਗਾਉਂਦੇ ਹੋਏ ਕਿਹਾ ਨੌਜਵਾਨਾਂ ਜਿਨ੍ਹਾਂ ਮੇਰੇ ਵਿੱਚ ਬਲ ਦਿਓ ਮੈਂ ਤੁਹਾਡੇ ਸਹਿਯੋਗ ਨਾਲ ਪੰਜਾਬ ਸੂਬੇ ਨੂੰ ਚੰਗਾ ਸੂਬਾ ਵਿਕਸਤ ਕਰਾਂਗਾ ।ਇਸ ਮੌਕੇ ਭਾਈ ਬਲਬੀਰ ਸਿੰਘ ਤੇ ਸ੍ ਅਨੂਪ ਸਿੰਘ ਫਰੀਦੇ ਵਾਲਾ ਵਲੋਂ ਸਵਾਗਤ ਦੌਰਾਨ ਕਿਹਾ ਅਸੀਂ ਪੰਜਾਬ ਦੇ ਵਾਸੀਆਂ ਦਾ ਧੰਨਵਾਦ ਕਰਦੇ ਹਾਂ ।ਜਿਨ੍ਹਾਂ ਵਲੋਂ ਪੰਥਕ ਤੇ ਖਾਲਸੇ ਦੀ ਵਿਚਾਰਧਾਰਾ ਤੇ ਚੱਲਣ ਵਾਲੇ ਸਿਰਮੋਏ ਸਰਦਾਰ ਨੂੰ ਪਾਰਲੀਮੈਂਟ ਵਿੱਚ ਬੋਲਣ ਦਾ ਮੌਕਾ ਦਿੱਤਾ।ਉਹਨਾਂ ਕਿਹਾ ਸ੍ ਮਾਨ ਸਾਹਿਬ ਬੇਕਸੂਰ ਤੇ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਸਿੰਘਾਂ ਦੀ ਰਿਹਾਈ ਲਈ ਮੁਦਾ ਚੁੱਕਣਗੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਮਾਮਲੇ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣਗੇ । ਇਸ ਮੌਕੇ ਸ੍ ਬਲਬੀਰ ਸਿੰਘ ਲੋਹਗੜ੍ਹ ਤੋਂ ਇਲਾਵਾ ਸ੍ ਅਨੂਪ ਸਿੰਘ ਫਰੀਦੇਵਾਲਾ ,ਜੁਗਰਾਜ ਸਿੰਘ ,ਜਸਕਰਨ ਸਿੰਘ ਕਾਹਨ ਸਿੰਘ ਵਾਲਾ , ਪ੍ਰਗਟ ਸਿੰਘ ਸ਼ੀਹਾਂਪਾੜੀ ,ਬਲਰਾਜ ਸਿੰਘ ਨਾਰੋਕੇ ,ਗੁਰਜੰਟ ਸਿੰਘ ਨਾਰੋਕੇ ਆਦਿ ਹਾਜਰ ਸਨ ।

# ਪ੍ਰਿੰਸੀਪਲ ਮਹਿੰਦਰਪਾਲ ਸਿੰਘ ਨੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਬਠਿੰਡਾ ਵਜੋਂ ਅਹੁਦਾ ਸੰਭਾਲਿਆ

ਬਠਿੰਡਾ -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਲੋਕ ਹਿੱਤ ਅਤੇ ਪ੍ਰਬੰਧਕੀ ਕਾਰਨਾਂ ਨੂੰ ਮੁੱਖ ਰੱਖਦੇ ਹੋਏ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਪੀ.ਈ.ਐਸ. ਗਰੁੱਪ ਏ ਦੇ ਕੇਡਰ ਦੇ ਅਧਿਕਾਰੀਆਂ ਦੀਆਂ ਤੈਨਾਤੀਆਂ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੂਹਲਾ ਦੇ ਪ੍ਰਿੰਸੀਪਲ ਮਹਿੰਦਰਪਾਲ ਸਿੰਘ ਦੀ ਬਠਿੰਡਾ ਜ਼ਿਲ੍ਹੇ ਦੇ ਉਪ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਵਜੋਂ ਨਿਯੁਕਤੀ ਕੀਤੀ ਗਈ ਹੈ। ਸਿੱਖਿਆ ਵਿਭਾਗ ਪੰਜਾਬ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅੱਜ ਜ਼ਿਲ੍ਹਾ ਸਿੱਖਿਆ ਦਫਤਰ ਬਠਿੰਡਾ ਵਿਖੇ ਮਹਿੰਦਰਪਾਲ ਸਿੰਘ ਵੱਲੋਂ ਬਤੌਰ ਉਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਬਠਿੰਡਾ ਦਾ ਚਾਰਜ ਸੰਭਾਲਿਆ। ਇਸ ਮੌਕੇ ਸ਼ਿਵ ਪਾਲ ਗੋਇਲ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਅਤੇ ਭੁਪਿੰਦਰ ਕੌਰ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਵੱਲੋਂ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਸਿੱਖਿਆ ਵਿਭਾਗ ਵਿੱਚ ਬਤੌਰ ਪ੍ਰਿੰਸੀਪਲ ਅਤੇ ਡੀ.ਐਸ.ਐਮ. ਵਜੋਂ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਚਰਚਾ ਕੀਤੀ ਗਈ। ਮੇਵਾ ਸਿੰਘ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਅਤੇ ਇਕਬਾਲ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਵੱਲੋਂ ਮਹਿੰਦਰਪਾਲ ਸਿੰਘ ਨੂੰ ਪ੍ਰਾਇਮਰੀ ਵਿੰਗ ਦੇ ਉਪ ਜਿਲ੍ਹਾ ਸਿੱਖਿਆ ਅਫਸਰ ਬਣਨ ਦੀਆਂ ਵਧਾਈਆਂ ਦਿੱਤੀਆਂ ਗਈਆਂ।

ਮੀਡੀਆ ਕੋਆਰਡੀਨੇਟਰ ਸੁਖਪਾਲ ਸਿੰਘ ਅਤੇ ਬਲਵੀਰ ਸਿੰਘ ਨੇ ਦੱਸਿਆ ਕਿ ਪ੍ਰਿੰਸੀਪਲ ਮਹਿੰਦਰਪਾਲ ਸਿੰਘ ਨੇ ਬਤੌਰ ਡੀ.ਐਸ.ਐਮ.ਬਠਿੰਡਾ ਵਜੋਂ ਬਠਿੰਡਾ ਜ਼ਿਲ੍ਹੇ ਦੇ ਸਕੂਲਾਂ ਨੂੰ ਸਮਾਰਟ ਬਣਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਇਸ ਮੌਕੇ ਰਣਜੀਤ ਸਿੰਘ ਜਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ, ਨਿਰਭੈ ਸਿੰਘ ਜ਼ਿਲ੍ਹਾ ਸਹਾਇਕ ਸਮਾਰਟ ਸਕੂਲ ਕੋਆਰਡੀਨੇਟਰ, ਵੱਲੋਂ ਗੁਲਦਸਤੇ ਦੇ ਕੇ ਸਵਾਗਤ ਕੀਤਾ ਗਿਆ।

# ਐੱਚਪੀਸੀਐੱਲ ਨੇ ਹਰਿਮੰਦਰ ਸਾਹਿਬ ਦੇ ਨੇੜੇ ਸਿੰਗਲ-ਯੂਜ਼ ਪਲਾਸਟਿਕ ਬੈਨ 'ਤੇ ਰੈਲੀ ਦਾ ਆਯੋਜਨ ਕੀਤਾ

ਅੰਮ੍ਰਿਤਸਰ,
-ਰੋਜ਼ਾਨਾ ਸਵੇਰਾ-

ਭਾਰਤ ਸਰਕਾਰ ਦੇ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੀ ਰਹਿਨੁਮਾਈ ਵਿੱਚ 1 ਤੋਂ 15 ਜੁਲਾਈ, 2022 ਤੱਕ ਸਵੱਛਤਾ ਪਖਵਾੜਾ-2022 ਮਨਾਇਆ ਜਾ ਰਿਹਾ ਹੈ। ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਿਟਿਡ ਨੇ ਨਗਰ ਨਿਗਮ, ਸ੍ਰੀ ਅੰਮ੍ਰਿਤਸਰ ਦੇ ਤਾਲਮੇਲ ਨਾਲ 0, 2022 ਨੂੰ ਐੱਸਆਈਪੀ (ਸਵੱਛਤਾ ਆਈਕੋਨਿਕ ਪਲੇਸ) ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਆਲੇ ਦੁਆਲੇ ਕਈ ਗਤੀਵਿਧੀਆਂ ਦਾ ਆਯੋਜਨ ਕੀਤਾ। ਇਨ੍ਹਾਂ ਗਤੀਵਿਧੀਆਂ ਵਿੱਚ ਸਵੱਛਤਾ ਮੁਹਿੰਮ, ਸਵੱਛਤਾ ਜਾਗਰੂਕਤਾ ਰੈਲੀ, ਆਮ ਲੋਕਾਂ ਵਿੱਚ ਪਟਸਨ/ਕੱਪੜੇ ਦੇ ਥੈਲਿਆਂ ਦੀ ਵੰਡ, ਸੈਨੀਟੇਸ਼ਨ ਕਰਮਚਾਰੀਆਂ, ਰੇਹੜੀ-ਫੜ੍ਹੀ ਵਿਕ੍ਰੇਤਾਵਾਂ ਅਤੇ ਹੋਰਨਾਂ ਦਰਮਿਆਨ ਸਫਾਈ ਕਿੱਟਾਂ ਦੀ ਵੰਡ ਆਦਿ ਸ਼ਾਮਲ ਸਨ।

ਜਨਤਕ ਜਾਗਰੂਕਤਾ ਪੈਦਾ ਕਰਨ ਲਈ, ÷ਸਿੰਗਲ ਯੂਜ਼ ਪਲਾਸਟਿਕ ਬੈਨ÷ ਥੀਮ ਵਾਲੀ ਸਵੱਛਤਾ ਰੈਲੀ ਨੂੰ ਸ਼ੁੱਕਰਵਾਰ ਨੂੰ ਮੁੱਖ ਮਹਿਮਾਨ ਸ਼੍ਰੀ ਗੌਰਵ ਕਟਿਆਰ, ਡਿਪਟੀ ਡਾਇਰੈਕਟਰ ਜਨਰਲ, ਈ ਐਂਡ ਐੱਸ, ਐੱਮਓਪੀ ਐਂਡ ਐੱਨਜੀ ਵਲੋਂ ਐੱਸਆਈਪੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਲਗਭਗ 200 ਭਾਗੀਦਾਰਾਂ ਨੇ ਇੱਕ ਸਵੱਛ ਅਤੇ ਹਰੇ-ਭਰੇ ਭਾਰਤ ਲਈ ਸਾਫ-ਸਫਾਈ ਅਤੇ ਸਵੱਛਤਾ ਦੀ ਜ਼ਰੂਰਤ ਬਾਰੇ ਨਾਗਰਿਕਾਂ ਵਿੱਚ ਜਾਗਰੂਕਤਾ ਫੈਲਾਉਣ ਲਈ ਐੱਸਆਈਪੀ ਸ੍ਰੀ ਹਰਿਮੰਦਰ ਸਾਹਿਬ ਤੋਂ ਹਾਲ ਗੇਟ ਤੱਕ ਲਗਭਗ 700 ਮੀਟਰ ਦੀ ਰੈਲੀ ਕੀਤੀ।

ਮੁੱਖ ਮਹਿਮਾਨ ਸ਼੍ਰੀ ਗੌਰਵ ਕਟਿਆਰ ਨੇ ਇਕੱਠ ਨੂੰ ਸੰਬੋਧਿਤ ਕੀਤਾ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਰੇਕ ਵਿਅਕਤੀ ਦੁਆਰਾ ਕੀਤਾ ਗਿਆ ਇੱਕ ਛੋਟਾ ਜਿਹਾ ਯਤਨ, ਇੱਕ ਸਾਫ਼ ਅਤੇ ਹਰੇ-ਭਰੇ ਵਾਤਾਵਰਣ ਵਿੱਚ ਮਹੱਤਵਪੂਰਨ ਯੋਗਦਾਨ ਦੇਵੇਗਾ। ਉਨ੍ਹਾਂ ਨੇ ਭਾਗੀਦਾਰਾਂ ਨੂੰ ਆਲੇ-ਦੁਆਲੇ ਜਾਗਰੂਕਤਾ ਫੈਲਾਉਣ ਅਤੇ ਇੱਕ ਸਵੱਛ ਅਤੇ ਸਿਹਤਮੰਦ ਰਾਸ਼ਟਰ ਬਣਾਉਣ ਲਈ ਸਾਲ ਵਿੱਚ ਘੱਟੋ-ਘੱਟ 100 ਘੰਟੇ ਦਾ ਯੋਗਦਾਨ ਯਕੀਨੀ ਬਣਾਉਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਬੋਲਦਿਆਂ ਐੱਚਪੀਸੀਐੱਲ, ਜਲੰਧਰ-ਰਿਟੇਲ ਖੇਤਰ ਦੇ ਮੁੱਖ ਖੇਤਰੀ ਪ੍ਰਬੰਧਕ ਸ਼੍ਰੀ ਬਨਯ ਸਿੰਘ ਨੇ 01 ਤੋਂ 15 ਜੁਲਾਈ, 2022 ਦੌਰਾਨ ਸਵੱਛਤਾ ਮੁਹਿੰਮ ਤਹਿਤ ਕੀਤੇ ਜਾ ਰਹੇ ਵੱਖ-ਵੱਖ ਸਮਾਗਮਾਂ ਦੀ ਥੀਮ ਸਿੰਗਲ ਯੂਜ਼ ਪਲਾਸਟਿਕ ਬੈਨ ਅਤੇ ਮਹੱਤਤਾ ਬਾਰੇ ਦੱਸਿਆ। ਇਸ ਮੌਕੇ ਸਾਰੇ ਭਾਗੀਦਾਰਾਂ ਨੇ ਸਵੱਛਤਾ ਦਾ ਹਲਫ਼ ਵੀ ਲਿਆ।

ਸਵੱਛ ਭਾਰਤ ਅਭਿਯਾਨ ਭਾਰਤ ਸਰਕਾਰ ਦੀ ਸਭ ਤੋਂ ਮਹੱਤਵਪੂਰਨ ਸਾਫ-ਸਫਾਈ ਮੁਹਿੰਮ ਹੈ। ਇਸ ਦੌਰਾਨ, ਸਵੱਛ ਭਾਰਤ ਅਭਿਯਾਨ ਇੱਕ 'ਜਨ ਅੰਦੋਲਨ' ਬਣ ਗਿਆ ਹੈ, ਜਿਸ ਨੂੰ ਦੇਸ਼ ਭਰ ਦੇ ਲੋਕਾਂ ਦਾ ਬਹੁਤ ਜ਼ਿਆਦਾ ਸਮਰਥਨ ਮਿਲ ਰਿਹਾ ਹੈ। ਲੋਕਾਂ ਨੇ ਭਾਗ ਲੈਣਾ ਸ਼ੁਰੂ ਕਰ ਦਿੱਤਾ ਹੈ ਅਤੇ 'ਸਵੱਛਤਾ ਈਸ਼ਵਰ ਦਾ ਦੂਜਾ ਰੂਪ ਹੈ' ਦੇ ਸੰਦੇਸ਼ ਨੂੰ ਫੈਲਾਉਣ ਵਿੱਚ ਮਦਦ ਕਰ ਰਹੇ ਹਨ।







